# ਮੁੜ੍ਹਕੇ ਦੀ ਕੁੱਖ



ਕਰਤਾਰ ਸਿੰਘ ਪੰਛੀ

Sri Satguru ... ElibraryHELP@gmail.com

Sri Satguru Jagjit Singh Ji eLibrary NamdhariElibrary@gmail.com

ਸਤਿਕਾਰ ਯੋਗ ਗਿ: ਪ੍ਰੀਤਮ ਸਿੰਘ 'ਕਵੀ' ਹੁਰਾਂ
ਨੂੰ ਭੇਟਾ —

ਕ. ਸ. ਪੰਛੀ,
15-10-1989.

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਮੁੜ੍ਹਕੇ ਦੀ ਕੁੱਖ

ਕਰਤਾਰ ਸਿੰਘ ਪੰਛੀ

ਰਵੀ ਸਾਹਿਤ ਪ੍ਰਕਾਸ਼ਨ

Sri Satguru Jagjit Singh Ji eLibrary NamdhariElibrary@gmail.com

MURHKE DI KUKH (Poetry)
By : Kartar Singh Panchhi

Pub. By : RAVI SAHIT PARKASHAN
Hall Bazar, AMRITSAR —143006

ISBN —81--7142--053--x

ਪਹਿਲੀ ਵਾਰ : 1989
© ਕਰਤਾਰ ਸਿੰਘ ਪੰਛੀ
ਸਰਵਰਕ : ਸੁਖਵੰਤ ਸਿੰਘ

ਪ੍ਰਕਾਸ਼ਕ
ਰਵੀ ਸਾਹਿਤ ਪ੍ਰਕਾਸ਼ਨ
ਹਾਲ ਬਾਜ਼ਾਰ, ਅੰਮ੍ਰਿਤਸਰ—143006
ਫੋਨ : 37799

ਛਾਪਕ :
ਲਾਕਟ ਪ੍ਰਿੰਟਰਜ਼
ਚੌਕ ਬਾਬਾ ਭੌੜੀ, ਅੰਮ੍ਰਿਤਸਰ

ਮੁੱਲ : ਪੈਂਤੀ ਰੁਪਏ

Sri Satguru Jagjit Singh Ji eLibrary NamdhariElibrary@gmail.com

ਆਪਣੀਆਂ ਪੁੱਤਾਂ ਵਰਗੀਆਂ ਧੀਆਂ

**ਪ੍ਰਿਤਪਾਲ ਅਤੇ ਅਮਰਜੀਤ ਦੇ ਨਾਂ !**

ਅਤੇ

ਆਪਣੀ ਮਾਂ ਵਰਗੀ

**ਬੰਸੋ ਨਾਨੀ ਨੂੰ ਸਮਰਪਿਤ**

Sri Satguru Jagjit Singh Ji eLibrary NamdhariElibrary@gmail.com

ਏਸੇ ਕਲਮ ਤੋਂ

(ਗ਼ਜ਼ਲ ਸੰਗ੍ਰਹਿ)

- ਸਿਦਕ ਕਬੂਰੀ (1985)
- ਸਰਦਲ (1982)

Sri Satguru Jagjit Singh Ji eLibrary NamdhariElibrary@gmail.com

o

ਗੀਤ 9—56

o

ਰੁਬਾਈਆਂ 59—72

o

ਕਵਿਤਾਵਾਂ 73—86

o

ਕਸਵੱਟੀ 87—96

Sri Satguru Jagjit Singh Ji eLibrary NamdhariElibrary@gmail.com

## ਮੁਖ ਬੰਧ

ਮੈਨੂੰ ਖੁਸ਼ੀ ਹੈ ਕਿ ਸ੍ਰੀ ਕਰਤਾਰ ਸਿੰਘ ਪੰਛੀ ਪਿਛਲੇ ਪੰਝੀ ਵਰ੍ਹਿਆਂ ਤੋਂ ਮਾਂ ਬੋਲੀ ਪੰਜਾਬੀ ਦੀ ਸੇਵਾ ਅਤੇ ਕਾਵਿ-ਸਾਧਨਾ ਕਰ ਰਹੇ ਹਨ। ਪੰਛੀ ਜੀ ਕਵਿਤਾ ਵੀ ਲਿਖਦੇ ਹਨ, ਗੀਤ ਵੀ, ਰੁਬਾਈਆਂ ਗ਼ਜ਼ਲਾਂ ਅਤੇ ਹੋਰ ਕਾਵਿ-ਰੂਪਾਂ ਉਤੇ ਵੀ ਚੰਗੀ ਮੁਹਾਰਤ ਰਖਦੇ ਹਨ। ਗ਼ਜ਼ਲ ਦੇ ਖੇਤਰ ਵਿਚੋਂ ਪੰਛੀ ਜੀ ਹੁਣ ਕਵਿਤਾ ਵਿਚ ਆਏ ਹਨ। ਇਨ੍ਹਾਂ ਦੇ ਦੋ ਦੀਵਾਨ 'ਸਰਦਲ' ਅਤੇ 'ਸਿਦਕ ਕਥੂਰੀ' ਨਾਂ ਹੇਠ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੇ ਅਤੇ ਗ਼ਜ਼ਲ ਪ੍ਰੇਮੀਆਂ ਤੇ ਪੰਜਾਬੀ ਪਾਠਕਾਂ ਵਿਚ ਚੰਗੀ ਚੋਖੀ ਚਰਚਾ ਦਾ ਵਿਸ਼ਾ ਬਣ ਚੁੱਕੇ ਹਨ। ਆਮ ਤੌਰ ਤੇ ਗ਼ਜ਼ਲ ਨੂੰ ਇਸ਼ਕ-ਹੁਸਨ ਜਾਂ ਹੋਰ ਨਾਜ਼ਕ ਬਿਆਨੀ ਲਈ ਮਖ਼ਸੂਸ ਕੀਤਾ ਜਾਂਦਾ ਹੈ ਪਰ ਪੰਛੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਨੇ ਗ਼ਜ਼ਲ ਦੇ ਕਾਵਿ-ਰੂਪ ਵਿਚ ਲੋਕ-ਰੰਗ ਭਰ ਕੇ ਅਤੇ ਸਰਬ ਸਾਧਾਰਨ ਦੇ ਜਜ਼ਬਿਆਂ ਨੂੰ ਜ਼ਬਾਨ ਦੇ ਕੇ ਇਸ ਨੂੰ ਸਮਾਜ ਦੇ ਵਧੇਰੇ ਉੱਨਤਸ਼ੀਲ ਤੇ ਪ੍ਰਗਤੀਵਾਦੀ ਨਜ਼ਰੀਏ ਦੇ ਪ੍ਰਗਟਾਉ ਲਈ ਸਫਲਤਾ ਪੂਰਵਕ ਵਰਤੋਂ ਵਿਚ ਲਿਆਂਦਾ ਹੈ।

ਹੱਥਲੇ ਸੰਗ੍ਰਹਿ 'ਮੁੜ੍ਹਕੇ ਦੀ ਕੁੱਖ' ਦੇ ਨਾਂ ਤੋਂ ਹੀ ਪੰਛੀ ਜੀ ਦੀ ਸਰਵਹਾਰਾ ਵਰਗ ਪ੍ਰਤਿ ਪ੍ਰਤਿਬੱਧਤਾ, ਦ੍ਰਿਸ਼ਟੀਕੋਣ ਦੀ ਪਕਿਆਈ ਅਤੇ ਕਾਵਿ ਦੇ ਹੋਰ ਹੋਰ ਰੂਪਾਂ ਤੱਕ ਪੂਰੀ ਪੂਰੀ ਰਸਾਈ ਦਾ ਪਰਿਚੈ ਮਿਲਦਾ ਹੈ। ਇਸ ਸੰਗ੍ਰਹਿ ਦੇ ਤਿੰਨ ਭਾਗ ਹਨ— ਪਹਿਲਾ ਭਾਗ ਗੀਤਾਂ ਨਾਲ ਸੰਬੰਧਤ ਹੈ ਅਤੇ ਬਹੁਤ ਹੀ ਸਰਸ, ਕੋਮਲ, ਸੰਗੀਤਕ ਚਾਲ ਵਾਲੇ, ਪ੍ਰਵਾਹਸ਼ੀਲ ਅਤੇ ਭਖਵੇਂ ਜਜ਼ਬਿਆਂ ਨਾਲ ਭਰਪੂਰ 26 ਗੀਤ ਇਸ ਭਾਗ ਦਾ ਸ਼ਿੰਗਾਰ ਹਨ। ਇਨ੍ਹਾਂ ਗੀਤਾਂ ਵਿਚ ਇਕ ਅਨੋਖਾ ਸੁਰ ਹੈ, ਲਯ ਹੈ ਅਤੇ ਕੋਮਲ ਕਾਂਤ ਪਦਾਵਲੀ ਤੇ ਮਨੁੱਖੀ ਜਜ਼ਬਿਆਂ ਅਨੁਸਾਰ ਪਰਿਵਰਤਨ-ਸ਼ੀਲ ਸ਼ਬਦ-ਚੋਣ ਪੰਛੀ ਦੇ ਗੀਤਾਂ ਦੀ ਖਾਸ ਵਿਸ਼ੇਸ਼ਤਾ ਹੈ। ਦੂਜੇ ਭਾਗ ਵਿਚ 68 ਰੁਬਾਈਆਂ ਜਾਂ ਚੁਬਰਗੇ ਸੰਮਲਿਤ ਕੀਤੇ ਗਏ ਹਨ। ਇਨ੍ਹਾਂ ਵਿਚੋਂ ਕੁਝ ਰੁਬਾਈਆਂ ਬਹੁਤ ਹੀ ਵਧੀਆ ਤੇ ਸਾਰਥਕ ਹਨ ਅਤੇ ਸਮਾਂ ਪਾ ਕੇ ਇਨ੍ਹਾਂ ਵਿਚ ਅਖਾਣ ਬਣ ਜਾਣ ਦੀ ਸਮਰਥਾ ਵੀ ਸਪੱਸ਼ਟ ਦ੍ਰਿਸ਼ਟੀ-ਗੋਚਰ ਹੁੰਦੀ ਹੈ। ਪੁਸਤਕ ਦਾ ਤੀਜਾ ਤੇ ਅੰਤਮ ਭਾਗ ਕਵਿਤਾ ਭਾਗ ਹੈ ਜਿਸ ਵਿੱਚ ਕੇਵਲ ਅੱਠ ਕਵਿਤਾਵਾਂ ਸ਼ਾਮਲ ਹਨ! ਇਨ੍ਹਾਂ ਸ਼ੀਰਸ਼ਕਾਂ ਨੂੰ ਦੇਖ ਕੇ ਪਤਾ ਚਲਦਾ ਹੈ ਇਹ ਕਵਿਤਾਵਾਂ ਤੋਲ-ਤੁਕਾਂਤ ਵਿੱਚ ਗੀਤਾਂ ਦੇ ਵਧੇਰੇ ਨੇੜੇ ਜਾ ਢੁਕਦੀਆਂ ਹਨ। ਇੱਥੋਂ



Sri Satguru Jagjit Singh Ji eLibrary NamdhariElibrary@gmail.com

ਤੱਕ ਕਿ ਫਾਸ਼ੀਵਾਦ-ਫਾਸ਼ਿਸਟ ਕਵਿਤਾ ਵੀ ਗਾਈ ਜਾ ਸਕਣ ਵਾਲੀ ਹੈ। ਗੀਤ ਤੇ ਲਯ ਪੰਛੀ ਦੇ ਤਿੰਨਾਂ ਹੀ ਭਾਗਾਂ ਦਾ ਧੁਰਾ ਹੈ, ਸ਼ਾਇਦ ਇੱਕ ਗਜ਼ਲਗੋ ਸ਼ਾਇਰ ਅਤੁਕਾਂਤ ਕਾਵਿ ਦਾ ਪ੍ਰਣੇਤਾ ਹੋ ਹੀ ਨਹੀਂ ਸਕਦਾ।

ਪੰਛੀ ਦੀ ਸ਼ਾਇਰੀ ਜਵਾਨ ਹੀ ਨਹੀਂ ਹੋਈ ਸਗੋਂ ਉਸ ਦੀ ਪੁਖ਼ਤਗੀ, ਉਸ ਦੀ ਚੇਤਨਾ, ਉਸ ਦੀ ਲੋਕ ਜਜ਼ਬਿਆਂ ਦੀ ਸਫਲ ਤਰਜਮਾਨੀ, ਉਸਦੀ ਕਾਵਿ-ਕਲਾ ਦੀ ਸਚੇਤਨ ਅਭਿਵਿਅਕਤੀ ਅਤੇ ਉਸ ਦੀ ਅਨੁਭੂਤੀ ਦੀ ਅਮੀਰੀ, ਵਿਵਿਧਤਾ, ਗਤੀਸ਼ੀਲਤਾ ਅਤੇ ਭਾਸ਼ਾ, ਛੰਦਾਂ, ਅਲੰਕਾਰਾਂ, ਲੋਕ-ਮੁਹਾਵਰੇ, ਲਯ, ਬਿੰਬ ਤੇ ਪ੍ਰਤੀਕ-ਯੋਜਨਾ ਆਦਿ ਕਾਵਿ-ਸੰਦਾਂ ਦੀ ਸਫਲ ਵਰਤੋਂ ਅਤੇ ਨਿਪੁੰਨਤਾ ਉਸ ਨੂੰ ਇਕ ਉੱਤਮ ਦਰਜੇ ਦਾ ਸ਼ਾਇਰ ਸਿੱਧ ਕਰਦੀ ਹੈ। ਜੇ ਅਸੀਂ ਆਪਣੇ ਮਨਾਂ ਵਿਚ ਪਹਿਲਾਂ ਤੋਂ ਹੀ ਬਣਾਈਆਂ ਹੱਦ-ਬੰਦੀਆਂ ਤੇ ਦਰਜਾ-ਬੰਦੀਆਂ ਤੋਂ ਉਪਰ ਉੱਠ ਕੇ ਮਾਲਵੇ ਦੇ ਇਨ੍ਹਾਂ ਸ਼ਾਇਰਾਂ ਦੀ ਰਚਨਾ ਅਤੇ ਸ਼ੈਲੀ ਨੂੰ ਗੰਭੀਰਤਾ ਨਾਲ ਪੜ੍ਹਣ ਤੇ ਘੋਖਣ ਦੀ ਖੇਚਲ ਕਰ ਸਕੀਏ ਤਾਂ ਵਾਰਤਕ ਖੇਤਰ ਦੀ ਉੱਨਤ ਦਸ਼ਾ ਵਾਂਗ ਹੀ ਕਾਵਿ ਖੇਤਰ ਦੀ ਮਲਵਈ ਸਰਦਾਰੀ ਛੇਤੀ ਹੀ ਸਾਡੇ ਸਾਮ੍ਹਣੇ ਆ ਜਾਵੇਗੀ। ਇਹ ਗੱਲ ਮੈਂ 'ਪੰਛੀ' ਦੀ ਕਵਿਤਾ ਦੇ ਦੀਰਘ ਅਧਿਅਨ ਪਿਛੋਂ ਪੂਰੀ ਜ਼ਿੰਮੇਵਾਰੀ ਤੇ ਦਾਈਏ ਨਾਲ ਕਹਿ ਰਿਹਾ ਹਾਂ।

ਪੰਛੀ ਦੀ ਕਵਿਤਾ ਵਿਚ ਭਾਵੇਂ ਉਹ ਗੀਤ ਹਨ, ਰੁਬਾਈਆਂ ਜਾਂ ਨਜ਼ਮਾਂ ਹਨ ਪ੍ਰਮੁਖ ਤੌਰ ਤੇ ਚਾਰ ਵਿਸ਼ੇ ਦੇਖੇ ਜਾ ਸਕਦੇ ਹਨ। ਉਸ ਦਾ ਪਹਿਲਾ ਵਿਸ਼ਾ ਸਮਾਜਿਕ ਚੇਤਨਾ ਦਾ ਹੈ। ਉਹ ਸਮਾਜ ਵਿੱਚ ਪਸਰੀ ਅਫਰਾ-ਤਫਰੀ, ਬੇਇਨਸਾਫ਼ੀ, ਅਸਮਾਨਤਾ, ਆਪਾ-ਧਾਪੀ, ਕਾਣੀ-ਵੰਡ ਅਤੇ ਸ਼ੋਸ਼ਣ ਬਿਰਤੀ ਨੂੰ ਸਾਫ਼ ਸਾਫ਼ ਦੇਖ ਰਿਹਾ ਹੈ ਅਤੇ ਬਿਨਾਂ ਕਿਸੇ ਪ੍ਰਚਾਰ, ਨਾਅਰੇਬਾਜ਼ੀ ਜਾਂ ਉੱਚੀ ਸੁਰ ਦੇ ਉਹ ਇਨ੍ਹਾਂ ਸਮਾਜਿਕ ਵਿਖਮ-ਤਾਵਾਂ ਨੂੰ ਆਪਣੀ ਅਨੁਭੂਤੀ ਦੀ ਪੱਧਰ ਤੇ ਜਿਉਂ ਕੇ ਤੇ ਅੰਦਰ ਪਚਾ ਕੇ ਇਨ੍ਹਾਂ ਭਾਵਾਂ ਨੂੰ ਕਾਵਿ ਵਿਚ ਉਤਾਰ ਦਿੰਦਾ ਹੈ। ਇਹ ਕਾਵਿ-ਰੂਪ ਭਾਵੇਂ ਗੀਤ ਹੋਵੇ, ਗਜ਼ਲ ਜਾਂ ਰੁਬਾਈ ਜਾਂ ਫੇਰ ਨਜ਼ਮ ਹੋਵੇ। ਉਸ ਦਾ ਦੂਜਾ ਵਿਸ਼ਾ ਨੀਤੀ-ਵਚਨਾਂ ਨਾਲ ਭਰਪੂਰ ਹੈ। ਪੰਛੀ ਦਾ ਅਨੁਭਵਸ਼ੀਲ ਮਨ ਦੁਨੀਆਂ ਭਰ ਨੂੰ ਨੀਤੀ-ਵਚਨ ਕਹਿ ਕੇ ਕਈ ਕਿਸਮ ਦੀਆਂ ਸਿੱਖਾਂ-ਮਤਾਂ ਵੀ ਦਿੰਦਾ ਹੈ ਅਤੇ ਉਸ ਨੂੰ ਇਨਸਾਨੀ ਕਦਰਾਂ-ਕੀਮਤਾਂ ਦੀ ਬੇਕਦਰੀ



Sri Satguru Jagjit Singh Ji eLibrary NamdhariElibrary@gmail.com

ਕਰਕੇ ਪਸ਼ੂਪੁਣੇ ਵਿਚ ਜਾਣ ਤੋਂ ਵੀ ਵਰਜਦਾ ਤੇ ਹੋੜਦਾ ਹੈ। ਪੰਛੀ ਕਾਵਿ ਦਾ ਤੀਜਾ ਵਿਸ਼ਾ ਕਵਿਤਾ ਦਾ ਸਦੀਵੀ ਵਿਸ਼ਾ ਹੁਸਨ-ਇਸ਼ਕ ਦੀ ਨੁਹਾਰ ਦੱਸਣਾ ਹੈ। ਉਸ ਦਾ ਅਲ੍ਹੜ ਮਨ ਪਿਆਰ ਤੇ ਹੁਸਨ ਦੇ ਹੱਥੋਂ ਪ੍ਰਵੰਚਨਾ, ਅਵਿਸ਼ਵਾਸ, ਲਾਪ੍ਰਵਾਹੀ ਦਾ ਸ਼ਿਕਾਰ ਹੋ ਕੇ ਅਤਿ ਦਰਜੇ ਦੀ ਆਤਮ-ਗਿਲਾਨੀ ਦਾ ਅਨੁਭਵ ਕਰਦਾ ਹੈ ਅਤੇ ਆਮ ਦਿਲ-ਸੁੱਟ ਸ਼ਾਇਰਾ ਵਾਂਗ ਨਹੀਂ ਸਗੋਂ ਸਾਊ ਟਿਕਵੀਂ ਸ਼ੈਲੀ ਵਿਚ ਹੁਸਨਵਰਾਂ ਨੂੰ ਨਹੋਰੇ ਦਿੰਦਾ ਅਤੇ ਮਨੋਭਾਵਾਂ ਤੇ ਮਨੋਵਿਚਾਰਾਂ ਨੂੰ ਆਪਣੇ ਪਾਠਕਾਂ ਨਾਲ ਸਾਂਝਾ ਕਰਦਾ ਹੈ। ਪੰਛੀ ਦਾ ਚੌਥਾ ਵਿਸ਼ਾ ਰੱਬ ਅਤੇ ਰੱਬ ਦੀ ਸਿਰਜੀ ਕਾਇਨਾਤ ਹੈ, ਜਿਸ ਦੀ ਮੂਲ ਚੂਲ ਉਹ ਅਧਿਆਤਮ ਚਿੰਤਨ ਹੈ ਜਿਸ ਵਿੱਚ ਹਰ ਇਨਸਾਨ ਬਰਾਬਰ ਹੈ ਕਿਉਂਕਿ ਹਰ ਜੀਵ ਵਿੱਚ ਇਕੋ ਪਾਰਬ੍ਰਹਮ ਦੀ ਸੱਤਾ ਬਿਰਾਜਮਾਨ ਹੈ। ਪ੍ਰਗਤੀਵਾਦ ਅਤੇ ਅਧਿਆਤਮਵਾਦ ਦਾ ਇਹ ਸੁਮੇਲ ਪੰਛੀ ਦੀ ਮਾਨਵਤਾਵਾਦੀ ਸ਼ੁਧ ਸਾਤਵਿਕ ਕਾਵਿ-ਦ੍ਰਿਸ਼ਟੀ ਦਾ ਹੀ ਸੂਚਕ ਹੈ।

ਉਪਰੋਕਤ ਚੌਹਾਂ ਵਿਸ਼ਿਆਂ ਨਾਲ ਸੰਬੰਧਤ ਸ਼ਿਅਰਾਂ ਦੀ ਇਥੇ ਭਰਤੀ ਨਾ ਕਰਦਾ ਹੋਇਆ ਮੈਂ ਇਹੋ ਕਹਿਣਾ ਚਾਹਾਂਗਾ ਕਿ ਉਸ ਦੇ ਸ਼ਿਅਰ ਤਾਂ ਸਾਰੇ ਹੀ ਕਮਾਲ ਦੇ ਤੇ ਪੁਖਤਾ ਹਨ, ਇਥੇ ਉਨ੍ਹਾਂ ਵਿਚੋਂ ਕੁਝ ਚੋਣ ਦੇ ਕੇ ਵਾਧੂ ਵਧਾਉ ਮੈਂ ਨਹੀਂ ਕਰਨਾ ਚਾਹਾਂਗਾ। ਮੇਰੀ ਹਾਰਦਿਕ ਕਾਮਨਾ ਹੈ ਕਿ ਪੰਛੀ ਦੀ ਕਵਿਤਾ ਨੂੰ ਪੰਜਾਬੀ ਪਾਠਕ ਇਕ ਵਾਰ ਗੰਭੀਰਤਾ ਨਾਲ ਪੜ੍ਹਣਗੇ ਤਾਂ ਉਹ ਉਸ ਦੀ ਕਾਵਿ-ਕਲਾ ਦੇ ਮੂਲ ਚਿੰਤਨ ਅਤੇ ਇੱਕ ਸਫ਼ਲ ਸਾਧਕ ਵਲੋਂ ਅਪਣਾਈਆਂ ਗਈਆਂ ਸਮੁੱਚੀਆਂ ਕਾਵਿਕ-ਜੁਗਤਾਂ ਤੋਂ ਪਰਿਚਿਤ ਹੋ ਜਾਣਗੇ।

—ਧਰਮਪਾਲ ਸਿੰਗਲ
(ਪ੍ਰੋਫੈਸਰ ਅਤੇ ਚੇਅਰਮੈਨ)
ਗੁਰੂ ਰਵਿਦਾਸ ਚੇਅਰ,
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ,

ਮਿਤੀ : 17.4.1989



Sri Satguru Jagjit Singh Ji eLibrary NamdhariElibrary@gmail.com

# ਗੀਤ

## ਇਕ

ਦੁਸ਼ਮਣ ਦੇ ਪੱਥਰਾਂ ਦਾ, ਭੋਰਾ ਵੀ ਗ਼ਮ ਨਹੀਂ
ਆਪਣੇ ਜੋ ਫੁੱਲ ਮਾਰਨ, ਪੀੜਾਂ ਮਹਾਨ ਨੇ...

ਮਿੱਤਰਾਂ ਦੀ ਨਜ਼ਰ ਪਿਆਰੀ, ਜੀਵਨ ਦੀ ਰਾਸ ਹੈ
ਕਈ ਵਾਰ ਧੋਖਾ ਖਾਧਾ, ਮਨੂੰਏ ਨਾਦਾਨ ਨੇ...

ਮਨ ਦਾ ਕਪਾਟ ਖੁਲ੍ਹਾ ਰਹਿੰਦਾ ਹੈ ਖੋਲ੍ਹ ਅੱਖਾਂ
ਧੋਖੇ ਬੜੇ ਨੇ ਸਿੱਖੇ, ਜ਼ੁਲਮੀ ਜਹਾਨ ਨੇ...

ਮੇਰੇ ਵਿਚਾਰ ਅੰਦਰ, ਘੁਲਿਆ ਹੈ ਸੱਚ ਐਸਾ
ਕਰਵੱਟ ਲਈ ਹੈ ਜਿਥੋਂ, ਮੇਰੇ ਗੁਮਾਨ ਨੇ...

ਸੁਣਿਆ ਸੀ ਜੋ ਹੁੰਗਾਰਾ, ਪੂਰਬ ਦੇ ਪਿਆਰ 'ਚੋਂ
ਦਿੱਤੇ ਸ਼ਿੰਗਾਰ ਜਿਸ ਨੇ, ਲੱਖਾਂ ਤੂਫ਼ਾਨ ਨੇ...

ਹਾਲੀਂ ਨਹੀਂ ਉਹ ਮਿਲਿਆ, ਜਿਸ ਦੀ ਤਲਾਸ਼ ਹੈ
ਲੱਖਾਂ ਜਹਾਨ ਛਾਣੇ, ਮਨ ਦੀ ਉਡਾਨ ਨੇ...

ਆਪਣੇ ਹੀ ਹੱਕ ਖ਼ਾਤਰ, ਜੂਝਣ ਦੇ ਵਾਸਤੇ
ਰਲ ਕੇ ਹੈ ਹੇਕ ਲਾਈ, ਕਿਰਤੀ ਕਿਸਾਨ ਨੇ...



Sri Satguru Jagjit Singh Ji eLibrary NamdhariElibrary@gmail.com

ਲੋਕਾਂ ਲਈ ਜੋ ਮਰਦੇ, ਮਰਦੇ ਨਹੀਂ ਉਹ ਜ਼ਿੰਦਾ
ਜੱਦ ਤੱਕ ਜਹਾਨ ਵੱਸਦਾ, ਰਹਿੰਦੇ ਨਿਸ਼ਾਨ ਨੇ...

ਝੂਕਿਆ ਨਹੀਂ ਹੈ ਨੱਖਰਾ, ਸਿਦਕਾਂ ਦੀ ਅਣਖ ਦਾ
ਲਾਇਆ ਹੈ ਜ਼ੋਰ ਭਾਵੇਂ, ਕਿੰਨਾਂ ਸ਼ੈਤਾਨ ਨੇ...

ਰਾਹਾ ਦੀ ਔਖ ਕੋਈ, ਸਾਹਵੇਂ ਨਾ ਖੜ ਸਕੀ
ਜੱਦ ਵੀ ਨੇ ਰਾਹ ਸੰਵਾਰੇ, ਜੰਤਾ ਰਕਾਨ ਨੇ...

ਭਾਵਾਂ ਦਾ ਫ਼ਰਕ ਹੁੰਦੈ, ਉਮਰਾਂ ਦੀ ਗੱਲ ਨਹੀਂ ਹੈ
ਲੱਗਦੇ ਹਾਂ ਕੁੱਝ ਸਿਆਣੇ, ਜਜ਼ਬੇ ਜੁਆਨ ਨੇ...

'ਪੰਛੀ' ਨਹੀਂ ਗੀਤ ਗਾਉਂਦਾ, ਤਾਜਾਂ ਦੀ ਸ਼ਾਨ ਦੇ
ਪੰਛੀ ਤਾਂ ਗੀਤ ਗਾਵੇ, ਲੋਕੀਂ ਮਹਾਨ ਨੇ...



Sri Satguru Jagjit Singh Ji eLibrary NamdhariElibrary@gmail.com

## ਦੋ

ਹੁਸਨ-ਇਸ਼ਕ ਦੀ ਛੇੜ ਕਹਾਣੀ,
ਬਹੁਤੀ ਵਾਰੀ ਰੋਏ !

ਅੱਜ ਦੀ ਗੱਲ ਨਹੀਂ ਵੇ ਲੋਕਾ,
ਇਹ ਗੱਲ ਬੜੀ ਪੁਰਾਣੀ ।
ਉਹ ਦਿੱਲ ਸਦਾ ਤੜਫਦੇ ਰਹਿੰਦੇ,
ਦੂਰ ਜਿਨ੍ਹਾਂ ਦੇ ਹਾਣੀ ।
ਬੇਬਸੀਆਂ ਵਿੱਚ ਨੈਣ ਵਿਚਾਰੇ,
ਰਹਿੰਦੇ ਖੋਏ ਖੋਏ...

ਬ੍ਰਿਹਾ ਦੀ ਭੱਠੀ ਨੇ ਵੇਖੋ,
ਜਜ਼ਬੇ ਸਦਾ ਤਪਾਏ ।
ਅਠੇ ਪਹਿਰ ਚਿਤਵਣੀ ਲੱਗੀ,
ਝੋਰਾ ਮਨ ਨੂੰ ਖਾਏ ।
ਹਰ ਛਿਣ, ਹਰ ਪਲ, ਰਹਿਣ ਉਡੀਕਾਂ,
ਕਦ ਇਹ ਜਿੰਦੂ ਮੋਏ...

ਮਨ ਦੀ ਪੀੜ ਤਾਂ ਕੋਈ ਵੇਖੇ,
ਦਿਸਦੇ ਬੁੱਲ੍ਹ ਕੁਮਲਾਏ ।
ਫੁੱਲ ਦੀ ਮਹਿਕ ਕਦੋਂ ਹੈ ਮਰਦੀ,
ਉਂਝ ਭਾਸੇ ਮੁਰਝਾਏ ।



Sri Satguru Jagjit Singh Ji eLibrary NamdhariElibrary@gmail.com

ਸਿਦਕਾਂ ਵਾਲੇ ਕਦੇ ਨਾ ਮੁੜਦੇ,
ਜੋ ਹੋਣਾ ਸੋ ਹੋਏ...

ਪ੍ਰੀਤ ਅਸਾਡੀ. ਨਜ਼ਰ ਖਾ ਗਈ,
ਨਜ਼ਰ ਜੋ ਆਦਮ ਖਾਣੀ ।
ਇੱਕ ਇੱਕ ਕਰਕੇ ਜਜ਼ਬੇ ਮੋਏ.
ਮੋਏ ਨੇ ਬਿਨ ਪਾਣੀ ।
ਤਿੱਪ ਤਿੱਪ ਕਰਕੇ ਜਿੰਦੂ ਖੁਰਦੀ,
ਖੋਰਾ ਕਿਵੇਂ ਖਲੋਏ ..

ਪ੍ਰੀਤ ਮੋਈ ਤਾਂ ਕੋਈ ਨਾ ਰੋਇਆ,
ਕਿਸੇ ਨਾ ਪੱਲਾ ਪਾਇਆ ।
'ਪੰਛੀ' 'ਤੇ ਕੀ ਰੋਸਾ ਕਰੀਏ ?
ਚੁੱਪ ਰਿਹਾ ਹਮਸਾਇਆ ।
ਠੰਡੇ ਸਾਹ 'ਤੇ ਕੋਸੇ ਹੌਕੇ,
ਜਾਂਦੇ ਨਹੀਂ ਸਮੋਏ...


Sri Satguru Jagjit Singh Ji eLibrary NamdhariElibrary@gmail.com

× ਤਿੰਨ

ਜੂਝਣ ਲਈ ਤਿਆਰ, ਓ ਸਾਥੀ,
ਕਰੇ ਸੰਘਰਸ਼ ਪੁਕਾਰ !!

✓ਬਿਨਾ ਸੰਘਰਸ਼ੋਂ ਗੱਲ ਨਹੀਂ ਬਣਦੀ,
ਕੁੱਝ ਨਾ ਕਰੋ ਵਿਚਾਰਾਂ ।
ਸਹੀ ਸੇਧ ਵੱਲ ਵੱਧਦੇ ਜਾਣਾ,
ਕੀ ਜਿੱਤਾਂ ? ਕੀ ਹਾਰਾਂ ?
ਸੂਝ ਆਪਣੀ ਰੋਜ਼ ਨਿਖਾਰੋ,
ਸੰਵਰੇ ਇਹਦੀ ਨੁਹਾਰ...

ਏਕੇ ਵਿੱਚ ਪਰੋਏ ਰਹੀਏ,
ਜਿਉਂ ਮਾਲਾ ਦੇ ਮਣਕੇ ।
ਬਦੀਆਂ ਤੋਂ ਸ਼ਰਮਾ ਕੇ ਚੱਲਣਾ,
ਚੱਲਣਾ ਹਿੱਕਾਂ ਤਣ ਕੇ ।
ਮਜ਼ਲੂਮਾਂ ਦੀ ਢਾਲ ਹੋ ਜਾਵੇਂ,
ਰੋਕੋ ਹਰ ਇੱਕ ਵਾਰ...

ਸੌੜੇ ਹਿੱਤ ਤੇ ਕੋਝੀਆਂ ਚਾਲਾਂ,
ਲਾਂਭੇ ਰਖ ਕੇ ਆਵੋ ।
ਫੋਕੀ ਹੈਂਕੜਬਾਜ਼ੀ ਛੱਡ ਕੇ.
ਫਿਰ ਕੋਈ ਬਣਤ ਬਣਾਵੋ ।
ਇਸ ਜੀਵਨ ਦੀ ਕਾਲਖ ਲਾਹਵੋ,
ਆਵੇ ਨਵਾਂ ਨਿਖਾਰ...



Sri Satguru Jagjit Singh Ji eLibrary NamdhariElibrary@gmail.com

ਪੂੰਝ ਦੇਵੋ ਦੁਖੀਆਂ ਦੇ ਹੰਝੂ,
ਦੁਖੀਆ ਨਾ ਕੋਈ ਰੋਵੇ ।
ਭੁੱਖ ਨੰਗ ਦੀ ਛੇੜ ਕਹਾਣੀ,
ਨਾ ਕੋਈ ਹੰਝੂ ਚੋਵੇ ।
ਹੌਕਿਆਂ ਦੀ ਥਾਂ ਨੱਚਦੀ ਆਵੇ,
ਹਾਸਿਆਂ ਦੀ ਝੰਕਾਰ...

ਜੀਵਨ ਲੋੜਾਂ ਦੀ ਖ਼ਾਤਰ ਹੀ,
ਤੱਤੜਾ ਮਨ ਕੁਰਲਾਵੇ ।
ਹੁਣ ਪਿਆਰਾਂ ਤੋਂ ਬਹੁਤਾ ਸਾਨੂੰ,
ਭੁੱਖ ਦਾ ਝੋਰਾ ਖਾਵੇ ।
'ਪੰਛੀ' 'ਕਲਿਆਂ ਨਾ ਉਠ ਧਾਵੋ,
ਬਣ ਕੇ ਚੱਲੋ ਡਾਰ...



Sri Satguru Jagjit Singh Ji eLibrary NamdhariElibrary@gmail.com

## ਚਾਰ

ਘੁੱਪ 'ਨ੍ਹੇਰੇ ਦੀ ਕੁੱਖ ਦੇ ਅੰਦਰ,
ਚਾਨਣ-ਕਿਰਨ ਪਲੇ !!

ਇਹ ਚਾਨਣ ਦਾ ਸੁੱਚਾ ਬੂਟਾ,
ਰੋਜ਼ ਹੀ ਵੱਧਦਾ ਜਾਵੇ ।
ਚੀਰ ਕੇ ਘੁੱਪ ਹਨੇਰਿਆਂ ਤਾਈਂ,
ਆਪਣਾ ਰੂਪ ਵਿਖਾਵੇ ।
ਇਸ ਦੀ ਪੱਤੀ ਪੱਤੀ ਚਮਕੇ,
ਜਿਉਂ ਕੋਈ ਜੋਤ ਬਲੇ ..

ਇਹ ਸਮਿਆਂ ਦਾ ਚੱਕਰ ਐਸਾ,
ਕੱਟਦਾ ਰਹਿੰਦਾ ਗੇੜੇ ।
ਇਸ ਦੇ ਵੱਧਦੇ ਕਦਮਾਂ ਤਾਈਂ,
ਕਿਹੜਾ ਹੈ ਜੋ ਘੇਰੇ ?
ਜੋ ਸਮਿਆਂ ਦੀਆਂ ਚਾਲਾਂ ਸਮਝਣ,
ਜਾਂਦੇ ਨਹੀਂ ਛਲੇ...

ਇਸ ਨ੍ਹੇਰੇ ਦਾ ਖਾਸਾ ਇਹੋ,
ਲੁੱਟ ਨੂੰ ਹੋਰ ਵਧਾਵੇ ।
ਕਿਰਤੀ ਕਾਮੇ ਦੀ ਮਿਹਨਤ ਨੂੰ,
ਨੋਚ ਨੋਚ ਕੇ ਖਾਵੇ ।
ਜਿਉਂ ਜਿਉਂ ਕਾਮੇ ਤਕੜੇ ਹੋਵਣ,
ਇਸ ਦਾ ਦਿਹੋਂ ਢਲੇ...



Sri Satguru Jagjit Singh Ji eLibrary NamdhariElibrary@gmail.com

ਵਾਧੂ ਕੀਮਤ ਉੱਤੇ ਇਸ ਦੀ,
ਸਦਾ ਟੇਕ ਹੈ ਰਹਿੰਦੀ ।
ਦਿਨ ਦਿਨ ਦੂਣ ਸਵਾਈ ਹੋਵੇ,
ਟਿਕ ਕੇ ਕਦੇ ਨਾ ਬਹਿੰਦੀ ।
ਜੱਦ ਵੀ ਇਸ ਨੂੰ ਖੋਰਾ ਲੱਗੇ,
ਇਸ ਦੀ ਜਾਨ ਜਲੇ...

ਇਹ ਕਾਲੀ ਦੇਵੀ ਦੇ ਵਾਂਗੂੰ,
ਖੱਪਰੇ ਖੂਨ ਭਰੇ ।
ਵੱਧ ਮੁਨਾਫੇ ਖਾਤਰ ਆਪਣਾ,
ਪਿਓ ਵੀ ਕਤਲ ਕਰੇ ।
'ਪੰਛੀ' ਇਸ ਦਾ ਅੰਤ ਹੈ ਹੁੰਦਾ,
ਚਾਨਣ ਜਦੋਂ ਫਲੇ...



Sri Satguru Jagjit Singh Ji eLibrary NamdhariElibrary@gmail.com

## ਪੰਜ

ਭੁੱਲ ਜਾਵਾਂ ਮੈਂ ਉਸ ਨੂੰ ਕਿੱਦਾਂ,
ਜਿਸ ਮੈਨੂੰ ਗਲ ਲਾਇਆ !
ਉਸ ਦੇ ਬੋਲ ਸੀ ਮਾਖਿਉਂ ਮਿੱਠੇ,
ਪਿਆਰਾਂ ਦਾ ਤਿਰਹਾਇਆ !!

ਜਿਸ ਦੇ ਜਜ਼ਬਿਆਂ ਭਰੇ ਹੁੰਗਾਰੇ,
ਪਿਆਰ ਨੇ ਦਿੱਤੀ ਲੋਰੀ ।
ਉਸ ਦੀ ਖ਼ਾਤਰ ਮੁੱਕ ਮੁੱਕ ਜਾਵਾਂ,
ਦਰਸ ਦਏਂ ਇਕ ਭੋਰੀ ।
ਸਾਰੇ ਜੱਗ ਤੋਂ ਸਾਡਾ ਦੁੱਖੜਾ,
ਜਾਂਦਾ ਨਹੀਂ ਵੰਡਾਇਆ...

ਫੁੱਲਾਂ ਵਾਂਗੂ ਜਿਸ ਦਾ ਮੁੱਖੜਾ,
ਖਿੜਿਆ ਖਿੜਿਆ ਰਹਿੰਦਾ ।
ਮਹਿਕ ਖਿੰਡਾ ਕੇ ਬਾਤਾਂ ਪਾਈਆਂ,
ਮੂੰਹੋਂ ਕੁੱਝ ਨਾ ਕਹਿੰਦਾ ।
ਅੱਜ ਉਸੇ ਦੀਆਂ ਗੱਲਾਂ ਕਰਕੇ,
ਸਾਨੂੰ ਚੈਨ ਨਾ ਆਇਆ...

ਉਸ ਪੀੜਾ ਦੇ ਉੱਜਲ ਭਰ ਕੇ,
ਸਾਡੀ ਝੋਲੀ ਪਾਏ ।
ਅਸੀਂ ਤਾਂ ਕਰ ਕੇ ਸਬਰ ਸਬੂਰੀ
ਘੁੱਟ ਕਲੇਜੇ ਲਾਏ ।
ਤੱਕ ਕੇ ਉਸ ਦੀਆਂ ਬੇਪਰਵਾਹੀਆਂ,
ਆਪਣਾ ਦਰਦ ਛੁਪਾਇਆ...



Sri Satguru Jagjit Singh Ji eLibrary NamdhariElibrary@gmail.com

ਸਾਡੇ ਨੈਣੀਂ ਪਿਆਰ ਓਸ ਦਾ,
ਠਾਠਾਂ ਮਾਰ ਕੇ ਆਏ ।
ਮਨ ਦਾ ਬ੍ਰਿਹਾ ਆਪਣੀ ਸੁਰ ਵਿੱਚ,
ਗੀਤ ਅਨੂਠੇ ਗਾਏ ।
ਮਨ ਦੇ ਮਾਨ-ਸਰੋਵਰ ਉੱਤੇ,
'ਪੰਛੀ' ਅਸੀਂ ਬਿਠਾਇਆ...

ਭੁੱਲ ਜਾਵਾਂ ਮੈਂ ਉਸ ਨੂੰ ਕਿੱਦਾਂ,
ਜਿਸ ਮੈਨੂੰ ਗੱਲ ਲਾਇਆ !
ਉਸ ਦੇ ਬੋਲ ਸੀ ਮਾਖਿਉਂ ਮਿੱਠੇ,
ਪਿਆਰਾਂ ਦਾ ਤਿਰਹਾਇਆ !!


Sri Satguru Jagjit Singh Ji eLibrary NamdhariElibrary@gmail.com

## ਛੇ

ਅੱਜ ਪੌਣਾ ਦੇ ਸੁੱਚੇ ਬੁੱਲੇ,
ਉਸ ਦੇ ਕੋਲੋਂ ਆਏ !
ਜਿਸ ਦੀ ਖ਼ਾਤਰ ਜਿੰਦ ਅਸਾਡੀ,
ਕਲਿਆਂ ਬਹਿ ਗ਼ਮ ਖਾਏ !!
ਪੌਣਾਂ ਵਿਚ ਵਾਸ ਓਸਦੀ,
ਨਿਰਮਲ ਧਾਰਾ ਵਾਂਗੂੰ ।
ਨਸ਼ਿਆਏ ਨਸ਼ਿਆਏ ਨੈਣਾਂ,
ਸੁੱਚੇ ਪਿਆਰਾਂ ਵਾਂਗੂੰ ।
ਉਸ ਦੇ ਵਲੋਂ ਆਏ ਬੁੱਲੇ,
ਅੱਖੀਆਂ ਨਾਲ ਛੁਹਾਏ...

ਖਵਰੇ ਉਸ ਦਾ ਹਾਲ ਕੀ ਹੋਣੈ,
ਜੋ ਨਾ ਪਰਤ ਕੇ ਆਇਆ ।
ਦਿੱਲ ਦਾ ਮਹਿਰਮ ਦੂਰ ਵਿਸੇਂਦਾ,
ਤਾਹੀਂ ਦਿੱਲ ਕੁਰਲਾਇਆ ।
ਅੱਜ ਉਡੀਕਾਂ ਭੱਟਕਣ ਪੱਈਆਂ,
ਯਾਦਾਂ ਨੂੰ ਗਲ ਲਾਏ...

ਕੋਮਲ ਰੂਹ ਨੂੰ ਛੋਹਾਂ ਲਾ ਕੇ,
ਜਿਸ ਨੇ ਦਰਦ ਜਗਾਇਆ ।
ਉਸ ਦੀਆਂ ਨਜ਼ਰਾਂ ਦੇ ਜਾਦੂ ਨੇ,
ਸਾਨੂੰ ਸੀ ਭਰਮਾਇਆ ।
ਓਸ ਬਿਨਾ ਪੀੜਾਂ ਦੇ ਹੌਕੇ,
ਹੋ ਗਏ ਦੂਣ ਸਵਾਏ...



Sri Satguru Jagjit Singh Ji eLibrary NamdhariElibrary@gmail.com

ਪਰਬਤ ਤੋਂ ਉੱਚੀ ਇਕ ਆਸ਼ਾ,
ਵੇਖਾਂ ਉਸ ਨੂੰ ਨੈਣੀਂ ।
ਤਾਹੀਂ ਸਾਡੇ ਰੋਂਦੇ ਮਨ ਦੇ,
ਠੰਡ ਕਲੇਜੇ ਪੈਣੀ ।
'ਪੰਛੀ' ਉਸ ਦੀ ਸਰਦਲ ਬਾਝੋਂ,
ਕਿੱਥੇ ਸੀਸ ਨਿਵਾਏ ?

ਅੱਜ ਪੌਣਾਂ ਦੇ ਸੁੱਚੇ ਬੁੱਲੇ,
ਉਸ ਦੇ ਕੋਲੋਂ ਆਏ !
ਜਿਸ ਦੀ ਖ਼ਾਤਰ ਜਿੰਦ ਨਿਮਾਣੀ,
ਕਲਿਆਂ ਬਹਿ ਗ਼ਮ ਖਾਏ !!



Sri Satguru Jagjit Singh Ji eLibrary NamdhariElibrary@gmail.com

## ਸੱਤ

ਭਾਵੇਂ ਅੱਜ ਬਸੰਤ ਹੈ ਆਈ,
ਇਸ ਨੂੰ ਕੌਣ ਹੰਢਾਏ ?
ਸਾਡੇ ਪੱਲੇ ਪਿਆ ਵਿਛੋੜਾ,
ਬ੍ਰਿਹਾ ਵੀ ਤੜਪਾਏ !!

ਜਿਸ ਦੀ ਇੱਕੋ ਰਮਜ਼ ਅਸਾਨੂੰ,
ਦਿੰਦੀ ਰਹੇ ਦਿਲਾਸਾ ।
ਤਾਂ ਹੀ ਹਿੱਕੜੀ ਦਰਦ ਸਮੋਇਆ,
ਬੁਲ੍ਹੀਆਂ ਉੱਤੇ ਹਾਸਾ ।
ਮੌਸਮ ਦਾ ਕੀ ਦੋਸ਼ ਸੋਹਣਿਆ ?
ਮਨ ਹੀ ਵਹਿੰਦਾ ਜਾਏ...

ਜੇ ਕਰ ਉਸ ਦੇ ਪਿਆਰ ਦਿਲਾਸੇ,
ਸਾਡੇ ਕੋਲ ਨਾ ਹੁੰਦੇ ।
ਜੇ ਕਰ ਸਾਡੀ ਰੂਹ ਦੇ ਪਿਆਸੇ.
ਉਸ ਦੇ ਬੋਲ ਨਾ ਹੁੰਦੇ ।
ਕਿਰ ਜਾਣੇ ਸਨ ਸਾਡੇ ਹੰਝੂ,
ਉਸ ਦੀ ਝੋਲੀ ਪਾਏ...

ਸਾਡੀਆਂ ਸੱਧਰਾਂ ਹਰ ਪਲ ਉਸ ਨੂੰ.
ਦੇਵਣ ਦਿਲ ਵਿਚ ਲੋਰੀ
ਇਕ ਝੱਲਕਾਰਾ ਜੇ ਮਿਲ ਜਾਏ,
ਜੱਗ ਤੋਂ ਚੋਰੀ ਚੋਰੀ ।
ਤਾਂ ਜੋ ਆਪਣੇ ਮਨ ਦੀ ਵੇਦਨ,
ਦੱਈਏ ਕੁੱਝ ਸਮਝਾਏ...



Sri Satguru Jagjit Singh Ji eLibrary NamdhariElibrary@gmail.com

ਪੌਣਾਂ ਵੀ ਅੱਜ ਕੋਈ ਸੁਨੇਹਾ,
ਲੈਣੋਂ ਮੁਨਕਰ ਹੋਈਆਂ ।
ਵੇਖਦਿਆਂ ਹੀ ਸੁੰਨੀਆਂ ਜੂਹਾਂ,
ਅੱਖੀਆਂ ਰੋਵਣ ਮੋਈਆਂ ।
ਮਨ ਦਾ 'ਪੰਛੀ' ਵਿਲਕ ਰਿਹਾ ਹੈ,
ਕੂੰਜ ਵਾਂਗ ਕੁਰਲਾਏ...

ਭਾਵੇਂ ਅੱਜ ਬਸੰਤ ਹੈ ਆਈ,
ਇਸ ਨੂੰ ਕੌਣ ਹੰਢਾਏ ?
ਸਾਡੇ ਪੱਲੇ ਪਿਆ ਵਿਛੋੜਾ,
ਬ੍ਰਿਹਾ ਵੀ ਤੜਪਾਏ !!



Sri Satguru Jagjit Singh Ji eLibrary NamdhariElibrary@gmail.com

## ਅੰਠ

ਜਿੰਦੇ ਨੀਂ—
ਅੱਜ ਪੌਣਾਂ ਦੇ ਵਿੱਚ,
ਘੁੱਲ ਗਈਆਂ ਖੁਸ਼ਬੋਈਆਂ ।
ਜਿੰਦੇ ਨੀਂ—
ਅੱਜ ਇਸ਼ਕ ਝਨਾਂ 'ਤੇ,
ਸੱਧਰਾਂ ਬਹਿ ਕੇ ਰੋਈਆਂ ।

ਜਿੰਦੇ ਨੀਂ—
ਅੱਜ ਗ਼ਮ ਦਾ ਬੂਟਾ,
ਜੋਬਨ ਰੁੱਤ ਮਹਿਕਾਏ ।
ਜਿੰਦੇ ਨੀਂ—
ਇਹਦੇ ਕੋਲੇ ਬਹਿ ਕੇ,
ਸਾਨੂੰ ਚੈਨ ਨਾ ਆਏ ।

ਜਿੰਦੇ ਨੀਂ—
ਬ੍ਰਿਹਾਂ ਦੀ ਕਿਆਰੀ,
ਮਹਿਕਾਂ ਵੰਡਦੀ ਜਾਏ !
ਜਿੰਦੇ ਨੀਂ—
ਇਹ ਮਹਿਕ ਨਾਗਣੀ,
ਰੂਹ ਨੂੰ ਲਿਪਟੀ ਜਾਏ !



Sri Satguru Jagjit Singh Ji eLibrary NamdhariElibrary@gmail.com

ਜਿੰਦੇ ਨੀਂ—
ਪਿਆਰਾਂ ਦਾ ਚਸ਼ਮਾ,
ਕਲ-ਕਲ ਵਹਿੰਦਾ ਜਾਏ !
ਜਿੰਦੇ ਨੀਂ—
ਇਹਦੀ ਗੋਦੀ ਬਹਿ ਕੇ,
ਲੋਰ ਅਗੰਮੀ ਆਏ !

ਜਿੰਦੇ ਨੀਂ—
ਅਸੀਂ 'ਪੰਛੀ' ਤਾਈਂ,
ਰਮਜ਼ਾਂ ਕਿੰਝ ਸਮਝਾਈਆਂ !
ਜਿੰਦੇ ਨੀਂ—
ਅਸੀਂ ਔਖੇ ਹੋ ਕੇ,
ਕਰੀਆਂ ਕਿੰਝ ਸਮਾਈਆਂ !



Sri Satguru Jagjit Singh Ji eLibrary NamdhariElibrary@gmail.com

## ਨੌਂ

ਇੱਕ ਵਾਰੀ ਜੇ ਆ ਜਾਵਣ ਦਾ,
ਦੇਵੇਂ ਘੱਲ ਸੁਨੇਹਾ !
ਫੇਰ ਸੋਹਣਿਆ, ਜੱਗ ਦੇ ਅੰਦਰ,
ਹੋਰ ਨਾ ਤੇਰੇ ਜੇਹਾ !!...

ਕਿਸ ਦੇ ਕੋਲੇ ਬੈਠ ਜਿੰਦੜੀਏ,
ਦਿਲ ਦੀ ਗੱਲ ਸੁਣਾਈਏ ?
ਧਾਹਾਂ ਮਾਰ ਮਾਰ ਕੇ ਰੋਵੇ,
ਦਿੱਲ ਨੂੰ ਕਿੰਝ ਸਮਝਾਈਏ ?
ਜਿੰਦ ਸਾਡੀ ਨੂੰ ਚਿੰਬੜਿਆ ਹੈ,
ਬਣ ਕੇ, ਹਿਜਰ ਅਲੇਹਾ...

ਕਾਲੀਆਂ ਰਾਤਾਂ ਲੰਮੀਆਂ ਲੰਮੀਆਂ
ਬੱਦਲਾਂ ਦਾ ਪਰਛਾਵਾਂ ।
ਤੂੰ ਹੋਵੇਂ ਤਾਂ ਚਾਨਣ ਹੋਵੇ,
ਬੁੱਝ ਜਾਵਣ ਤਿਰਹਾਵਾਂ ।
ਜਿੱਦਾਂ ਲੋਕਾਂ ਦੱਸਿਆ ਸਾਨੂੰ,
ਨਿੱਕਲਿਆ ਏਂ ਤੇਹਾ...

ਹੰਸ ਜਾਣ ਕੇ ਮਾਨ-ਸਰੋਵਰ,
ਤੈਂ ਸੰਗ ਪ੍ਰੀਤ ਲਗਾਈ ।
ਤੇਰੇ ਉੱਤੇ ਪੈ ਗਈ ਜਾਪੇ,
ਬਗ਼ਲੇ ਦੀ ਪਰਛਾਈ ।
ਫਿਰ ਵੀ ਤੈਨੂੰ ਟੋਲ ਰਿਹਾ ਹਾਂ,
ਦਿੱਤਾ ਛਾਣ ਪਪੋਹਾ...



Sri Satguru Jagjit Singh Ji eLibrary NamdhariElibrary@gmail.com

ਪਾਗ਼ਲ ਵਾਂਗੂ ਸਾਡੀ ਜਿੰਦੜੀ,
ਰੋ ਰੋ ਚੀਕਾਂ ਮਾਰੇ ।
ਮੁੱਕ ਗਏ ਨੈਣਾਂ ਦੇ ਵਿਚੋਂ,
ਸਿਮ ਸਿਮ ਹੰਝੂ ਖ਼ਾਰੇ ।
'ਪੰਛੀ' ਪਿਆਰ ਦੇ ਅੰਮ੍ਰਿਤ ਬਾਝੋਂ
ਰਹਿੰਦਾ ਸਦਾ ਤਰੇਹਾ...

ਇੱਕ ਵਾਰੀ ਜੇ ਆ ਜਾਵਣ ਦਾ,
ਦੇਵੇਂ ਘੱਲ ਸੁਨੇਹਾ ।
ਫੇਰ ਸੋਹਣਿਆਂ ਜੱਗ ਦੇ ਅੰਦਰ,
ਹੋਰ ਨਾ ਤੇਰੇ ਜੇਹਾ ।



Sri Satguru Jagjit Singh Ji eLibrary NamdhariElibrary@gmail.com

## ਦਸ

ਜੁਆਨੀ ਡੋਲ੍ਹ ਕੇ ਆਪਣੀ,
ਸਮੇਂ ਦੀਆਂ ਕਾਲਖ਼ਾਂ ਧੋਈਆਂ ।
ਇਹ ਹੰਝੂ ਦੱਸ ਸਕਦੇ ਨੇ,
ਕਿ ਕਿੱਦਾਂ ਮਿਲਣੀਆਂ ਹੋਈਆਂ ?

ਸਮੇਂ ਦਾ ਕਾਫ਼ਲਾ ਤੁਰਿਆ,
ਤੇ ਇਸ ਨੇ ਲੰਘ ਵੀ ਜਾਣਾ ।
ਕੋਈ ਇਹ ਦੱਸ ਨੀਂ ਸਕਦਾ,
ਖ਼ੌਰੇ ਕੀ ਵਰਤਣਾ ਭਾਣਾ ?
ਇਹ ਸਾਡੀ ਤੜਪ ਦੱਸੇਗੀ,
ਕਿ ਸੱਧਰਾਂ ਵਿਲਕ ਕੇ ਮੋਈਆਂ...

ਟੀਸੀ ਚਾੜ੍ਹ ਕੇ ਪੀਂਘਾਂ,
ਪਿਆਰੇ ਬਦਲਦੇ ਵੇਖੇ ।
ਸਮੇਂ ਦੀਆਂ ਠੋਹਕਰਾਂ ਖਾ ਕੇ,
ਹੁਲਾਰੇ ਬਦਲਦੇ ਵੇਖੇ ।
ਕੀ ਪੁੱਛਾਂ ਕਿਣਕਿਆਂ ਕੋਲੋਂ ?
ਕਿ ਕਲੀਆਂ ਖ਼ਾਕ ਨੇ ਛੋਹੀਆਂ...

ਜਨਾਜ਼ਾ ਉਠਿਆ ਜਿਸ ਦਿਨ,
ਕਿਸੇ ਵੀ ਕੂਕ ਨਾ ਮਾਰੀ ।



Sri Satguru Jagjit Singh Ji eLibrary NamdhariElibrary@gmail.com

ਆਪਣੇ ਫੇਰ ਗਏ ਅੱਖੀਆਂ,
ਤੇ ਖ਼ਲਕਤ ਬਦਲ ਗਈ ਸਾਰੀ ।
ਕਲੇਜਾ ਫਟ ਗਿਆ ਓਦੋਂ,
ਤੇ ਅੱਖੀਆਂ ਫੁੱਟ ਕੇ ਰੋਈਆਂ...

ਜੁਆਨੀ ਡੋਲ੍ਹ ਕੇ 'ਪੰਛੀ'
ਸਮੇਂ ਦੀਆ ਕਾਲਖ਼ਾਂ ਧੋਈਆਂ ।
ਇਹ ਹੰਝੂ ਦੱਸ ਸਕਦੇ ਨੇ,
ਕਿ ਕਿੱਦਾਂ ਮਿਲਣੀਆਂ ਹੋਈਆਂ ?



Sri Satguru Jagjit Singh Ji eLibrary NamdhariElibrary@gmail.com

## ਗਿਆਰਾਂ

ਕਾਲੀ ਬੋਲੀ ਰਾਤ ਹਾਏ,
ਕਾਲੀ ਬੋਲੀ ਰਾਤ ਹੋ !

ਮੇਰੇ ਕੋਰੇ ਅੰਬਰਾਂ 'ਤੇ,
ਛਾ ਗਈਆਂ ਘਟਾਵਾਂ ਹਾਏ ।
ਦੁੱਖਾਂ ਭਰੀ ਜ਼ਿੰਦਗੀ 'ਚੋਂ,
ਦੁੱਖ ਕਿਉਂ ਲੁਟਾਵਾਂ ਹਾਏ ?
ਸਮੇਂ ਦੇ 'ਹਨੇਰ ਵਿਚੋਂ,
ਜਾਗੂ ਪਰਭਾਤ ਹੋ...

ਖ਼ਾਕ ਛਾਣ ਜ਼ਿੰਦਗੀ ਨੂੰ,
ਖ਼ਾਕ 'ਚ ਮਿਲਾ ਲਿਆ ।
ਆਇਆ ਨਾ ਪਰਤ ਕੋਲੇ,
ਸਮਾਂ ਜੋ ਲੰਘਾ ਲਿਆ ।
ਮੁੱਕ ਗਏ ਹੁੰਗਾਰੇ ਪਹਿਲੋਂ,
ਮੁੱਕੀ ਨਹੀਂ ਸੀ ਬਾਤ ਹੋ...

ਉੱਜੜੀ ਜੁਆਨੀ ਮੇਰੀ,
ਗ਼ਮਾਂ ਦੀ ਕਹਾਣੀ ਏਂ ।
ਜੰਗਲਾਂ ਦੀ ਕਲੀ ਜਿਵੇਂ,
ਕਿਸੇ ਵੀ ਨਾ ਮਾਣੀ ਏਂ ।
ਪਲਕਾਂ 'ਚ ਹੰਝੂ ਮੇਰੇ,
ਦੁੱਖਾਂ ਦੀ ਸੌਗਾਤ ਹੋ...



Sri Satguru Jagjit Singh Ji eLibrary NamdhariElibrary@gmail.com

ਮੁੜ੍ਹਕੇ ਦੀ ਕੁੱਖ ਵਿਚੋਂ,
ਪਲਮਣੀ ਸਵੇਰ ਹੈ ।
ਰੌਸ਼ਨ ਸਵੇਰਿਆਂ 'ਤੇ,
ਛਾਇਆ ਹਾਲੀਂ ਹਨ੍ਹੇਰ ਹੈ ।
ਕਲਮ ਬੁਰਸ਼ ਪਾਉਣੈ,
ਐਟਮਾਂ ਨੂੰ ਮਾਤ ਹੋ ।

ਕਾਲੀ ਬੋਲੀ ਰਾਤ ਹਾਏ,
ਕਾਲੀ ਬੋਲੀ ਰਾਤ ਹੋ !



Sri Satguru Jagjit Singh Ji eLibrary NamdhariElibrary@gmail.com

## ਬਾਰਾਂ

ਬੱਦਲਾਂ 'ਚੋਂ ਚੋਰੀ ਚੋਰੀ;
ਵੇਖਦੇ ਨੇ ਤਾਰੇ ਅੱਜ !

ਭੁੱਖਾਂ ਨਾਲ ਜਾਨ ਸੁੱਕੀ,
ਦੁੱਖਾਂ ਨਾਲ ਸੁਆਸ ਨੇ ।
ਛੱਡ ਦਿੱਤੈ ਹੱਡੀਆਂ ਨੂੰ,
ਪਿੰਜਰੇ ਦੇ ਮਾਸ ਨੇ ।
ਸਾਗਰਾਂ ਦੀ ਹਿੱਕ ਚੌੜੀ,
ਦੂਰ ਨੇ ਕਿਨਾਰੇ ਅੱਜ...

ਰਾਂਗਲੇ ਸਵੇਰ ਵਿਚੋਂ,
ਨਿੱਘੀ ਜਿਹੀ ਕਿਰਨ ਆਵੇ ।
ਸਾਨੂੰ ਕੀ ਅਰਸ਼ ਤਾਈ
ਧਰਤੀ ਜੇ ਗੱਲ ਲਾਵੇ ।
ਬਿਖਰੇ ਸਮਾਜ ਵਿੱਚ,
ਦੂਰ ਨੇ ਸਹਾਰੇ ਅੱਜ ।

ਢੱਠੀ ਢੱਠੀ ਕੁੱਲੀਆਂ 'ਚ,
ਹਾਸੇ ਵੱਸ ਜਾਣੇ ਨੇ ।
ਤਾਰਿਆਂ ਨੇ ਅੱਜ ਸਾਨੂੰ,
ਦੁੱਖ ਦੱਸ ਜਾਣੇ ਨੇ ।
ਝੁੱਗੀ 'ਚੋਂ ਸੰਗੀਤ ਸੁਣ,
ਵਿਲਕਦੇ ਮੁਨਾਰੇ ਅੱਜ...



Sri Satguru Jagjit Singh Ji eLibrary NamdhariElibrary@gmail.com

ਪ੍ਰੀਤ ਦਿਆਂ ਖੰਭਾਂ ਵਿਚ,
ਦੂਣੀ ਪਰਵਾਜ਼ ਹੋਵੇ ।
ਕਾਮੇ ਦੀ ਕ੍ਰਿਤ ਉੱਤੇ,
ਦੁਨੀਆਂ ਨੂੰ ਨਾਜ਼ ਹੋਵੇ ।
ਨਿੱਘੇ ਨਿੱਘੇ ਪਿਆਰ ਸਾਹਵੇਂ,
ਸਹਿਮਦੇ ਅੰਗਾਰੇ ਅੱਜ...

ਬੱਦਲਾਂ 'ਚੋਂ ਚੋਰੀ ਚੋਰੀ,
ਵੇਖਦੇ ਨੇ ਤਾਰੇ ਅੱਜ ।



Sri Satguru Jagjit Singh Ji eLibrary NamdhariElibrary@gmail.com

## ਤੇਰਾਂ

ਤਾਰਿਆਂ ਦੇ ਵਿਹੜੇ ਅੱਜ,
ਬੱਦਲ ਕਿਉਂ ਛਾਏ ਨੇ ?

ਸੂਹੇ ਸੂਹੇ ਪੈਰਾਂ ਵਿੱਚ,
ਝਾਂਜਰ ਖ਼ਾਮੋਸ਼ ਹੈ ।
ਦੱਸਾਂ ਕੀ ਕਸੂਰ, ਹਾਏ,
ਜਿੰਦ ਨਿਰਦੋਸ਼ ਹੈ ।
ਕਮਲੀ ਦੀ ਝੁੱਗੀ ਵਿੱਚ,
ਮਾਹੀ ਕਦੋਂ ਆਏ ਨੇ ?

ਕੂਲੀ ਕੂਲੀ ਬਾਹਵਾਂ ਵਿੱਚ,
ਚੂੜਾ ਪਿਆ ਊਂਘਦਾ ।
ਮਾਹੀ ਦਾ ਵਿਛੋੜਾ ਸਾਡੀ,
ਜਿੰਦ ਨਿੱਤ ਹੂੰਝਦਾ ।
ਨਿਦਰਾਂ ਤੋਂ ਖ਼ਾਲੀ ਖ਼ਾਲੀ,
ਨੈਣ ਭਰ ਆਏ ਨੇ...

ਚਾਵਾਂ ਨੂੰ ਸਮੇਟ ਨਿੱਤ,
ਬੁੱਕਲ 'ਚ ਕੱਜਦੀ ।
ਬ੍ਰਿਹਾ ਦੀ ਤਨਜ਼ ਭੈੜੀ,
ਹਿੱਕੜੀ 'ਚ ਵੱਜਦੀ ।
ਲੰਮੇ ਲੰਮੇ ਹੌਕੇ ਸਾਡੇ,
ਪਿਆਰ ਤਰਹਾਏ ਨੇ...

ਤਾਰਿਆਂ ਦੇ ਵਿਹੜੇ, ਅੱਜ
ਬੱਦਲ ਕਿਉਂ ਛਾਏ ਨੇ !



Sri Satguru Jagjit Singh Ji eLibrary NamdhariElibrary@gmail.com

## ਚੌਦਾਂ

ਦਿਲਦਾਰ ਬਣ ਕੇ ਸਾਥੀ ।
ਗ਼ਮਖ਼ਾਰ ਬਣ ਕੇ ਸਾਥੀ ।
ਪੈਰਾਂ ਨੂੰ ਪਾਣ ਦਾਤੀ,
ਕਿੱਡੇ ਇਹ ਪਿਆਰ ਘਾਤੀ ?

ਦੁਨੀਆਂ ਦੇ ਨਾਜ਼ ਤੱਕਾਂ ।
ਸਾਜ਼ੀ ਦੇ ਸਾਜ਼ ਤੱਕਾਂ :
ਸ਼ਾਂਤੀ ਦੇ ਵੀਰ ਬੋਹੜੇ,
ਬਹੁਤੇ ਮੈਂ ਬਾਜ਼ ਤੱਕਾਂ ।

ਕੱਲਰਾਂ 'ਚ ਫੁੱਲ ਨ ਉੱਗਦੇ ।
ਪੱਥਰ ਕਦੋਂ ਨੇ ਭਿੱਜਦੇ ?
ਤੇਰੀ ਹੈ ਪਿਆਰੀ ਕੁੱਦਰਤ,
ਕਰਦਾ ਹਾਂ ਰੋਜ਼ ਸਿਜਦੇ ।

ਪਾਲਕ ਨੇ ਪਾਲ ਬੰਨ੍ਹੀਂ ।
ਤੁਰਨੇ ਦੀ ਚਾਲ ਬੰਨ੍ਹੀਂ ।
ਮਿਲ ਮਿਲ ਕੇ ਜਾਣ ਵਿੱਛੜੇ,
ਜੀਵਨ ਦੀ ਚਾਲ ਲੰਮੀ ।

ਰਖਦਾ ਹਾਂ ਖੋਲ੍ਹ ਅੱਖਾਂ ।
ਅੱਖਾਂ ਦੇ ਹੇਠ ਰੱਖਾਂ ।
ਲੋਕਾਂ ਦੇ ਕਾਰਨਾਮੇਂ,
ਤੱਕਦਾ ਹਾਂ ਰੋਜ਼ ਲੱਖਾਂ ।



Sri Satguru Jagjit Singh Ji eLibrary NamdhariElibrary@gmail.com

## ਪੰਦਰਾਂ

ਚੰਨ ਨੂੰ, ਚਕੋਰੀ,
ਵੇਖੇ ਬਿਨਾ, ਨਹੀਂ ਸਾਰਦੀ !

ਕਾਲੇ ਕਾਲੇ ਬੱਦਲਾਂ 'ਚ,
ਚੰਨ ਲੁਕ ਜਾਂਦਾ ਹੈ ।
ਬਾਂਵਰੀ ਦੇ ਬੋਲਾਂ ਵਿੱਚ,
ਸੋਜ਼ ਭਰ ਜਾਂਦਾ ਹੈ ।
ਲੰਮੇ ਲੰਮੇ ਹੌਕਿਆਂ 'ਚ,
ਕੋਸੇ ਹੰਝੂ ਤਾਰ ਦੀ...

ਨਿੱਘਾ ਏ ਮੱਧਰ ਮਿੱਠਾ,
ਪਿਆਰ ਦਾ ਸੰਗੀਤ ਹੈ ।
ਮਾਣਦੇ ਨੇ ਜਿੰਦ ਵਾਰ,
ਜਾਣੀ ਜਿਨ੍ਹਾਂ ਪ੍ਰੀਤ ਹੈ ।
ਥਲਾਂ ਤੇ ਝਨਾਵਾਂ ਵਿੱਚ,
ਪ੍ਰੀਤ ਹੈ ਪੁਕਾਰਦੀ...

ਵੇਖੇ ਜਦੋਂ ਮੁੱਖੜੇ ਨੂੰ
ਚਾਵੀਂ ਭਰ ਜਾਂਦੀ ਹੈ ।
ਖਾਲੀ ਖਾਲੀ ਨੈਣਾਂ ਵਿੱਚ,
ਪਿਆਰ ਭਰੀ ਜਾਂਦੀ ਹੈ ।
ਚਾਅ ਤੇ ਸ਼ਗਨ ਸਾਰੇ,
ਚੰਨ ਉਤੋਂ ਵਾਰਦੀ...

ਚੰਨ ਨੂੰ, ਚਕੋਰੀ,
ਵੇਖੇ ਬਿਨਾ, ਨਹੀਂ ਸਾਰਦੀ ।



Sri Satguru Jagjit Singh Ji eLibrary NamdhariElibrary@gmail.com

## ਸੋਲ੍ਹਾਂ

– ਸਾਕੀ ਨੂੰ–

ਪਹਿਲੋਂ ਪੀਣ ਦੀ ਰੀਸ ਜਿਹੀ ਪਾ ਕੇ ।
ਕਿਉਂ ਜਾਨੈਂ ਕੰਨੀਂ ਖ਼ਿਸਕਾ ਕੇ ?
ਹੁਣ ਬਸ ਨਹੀਂ, ਪਾ ਦੇ ਹੋਰ,
ਸਾਕੀ, ਅਜੇ ਨਹੀਂ ਆਇਆ ਲੋਰ ।

ਆਪਣੇ ਪਿਆਰ 'ਚ ਰੱਤ ਕੇ ਮੈਨੂੰ ।
ਫਾਹੀ ਬ੍ਰਿਹੋਂ ਦੀ ਫੱਥ ਕੇ ਮੈਨੂੰ ।
ਕਿਉਂ ਹੋ ਗਿਉਂ, ਐੱਡ ਕਠੋਰ ?
ਸਾਕੀ, ਅਜੇ ਨਹੀਂ ਆਇਆ ਲੋਰ ।

ਸਭ ਕੁੱਝ ਤੇਰਾ, ਆਪਣਾ ਕੀਤਾ,
ਤਾਂ ਵੀ ਪਰਤ ਤੂੰ ਪਾਸਾ ਲੀਤਾ,
ਦੱਸ ਕਿਹੜਾ ਦਿਲ ਵਿਚ ਚੋਰ ?
ਸਾਕੀ, ਅਜੇ ਨਹੀਂ ਆਇਆ ਲੋਰ ।

ਵੇਖ ਅਦਾਵਾਂ ਤੇਰੀਆਂ ਚੰਨਾਂ,
ਮਨਸੂਬੇ ਮੈਂ ਏਹੋ ਬੰਨ੍ਹਾਂ
ਬੱਸ ਦੋ ਘੁੱਟ ਦੇਵੇਂ ਹੋਰ;
ਸਾਕੀ, ਅਜੇ ਨਹੀਂ ਆਇਆ ਲੋਰ ।

ਟਾਲ ਨਾ ਦੇਵੀਂ ਲਾ ਬਹਾਨਾ ।
ਝਿੜਕ ਨਾ ਦੇਵੀਂ ਸਮਝ ਬੇਗਾਨਾ ।
ਹਾਏ ! ਨਾ ਬਣ ਸੀਨਾ-ਜ਼ੋਰ;
ਸਾਕੀ, ਅਜੇ ਨਹੀਂ ਆਇਆ ਲੋਰ ।



Sri Satguru Jagjit Singh Ji eLibrary NamdhariElibrary@gmail.com

## ਸਤਾਰਾਂ

ਪੀਲੇ ਪੀਲੇ ਫੁੱਲ ਸਟਵਾਂ ਦੇ,
ਝੂਮ ਝੂਮ ਕੇ ਹੱਸਦੇ !
ਉੱਜੜੀ ਹੋਈ ਜੁਆਨੀ ਤਾਈਂ,
ਭੇਦ ਜੀਣ ਦਾ ਦੱਸਦੇ !!

ਮਧੂ-ਮੱਖੀਆਂ ਰਸ ਦੀ ਖ਼ਾਤਰ,
ਗੀਤ ਗਾਉਂਦੀਆਂ ਆਈਆਂ ।
ਹੱਸਦੇ ਹੱਸਦੇ ਫੁੱਲਾਂ ਤਾਈਂ,
ਧਾਅ ਗਲਵਕੜੀਆਂ ਪਾਈਆਂ ।
ਫੁੱਲ ਕਹਿੰਦੇ ਕਿਉਂ ਲੁੱਟ ਕੇ ਸਾਨੂੰ,
ਦੂਰ ਅਸਾਥੋਂ ਨੱਸਦੇ ?...

ਕੁਦਰਤ ਦੀ ਗੋਦੀ ਵਿੱਚ ਬਹਿ ਕੇ,
ਜੀਵਨ ਕੁੱਝ ਨਸ਼ਿਆਏ ।
ਉਂਘਦੀਆਂ ਯਾਦਾਂ ਦੇ ਅੰਦਰ,
ਉਹ ਸੁਪਨਾ ਬਣ ਆਏ ।
ਦਿੱਲ ਉੱਤੇ ਹੱਥ ਰੱਖ ਕੇ ਕਹਿੰਦੇ,
ਤੁਸੀਂ ਹੋ ਇਸ ਵਿਚ ਵੱਸਦੇ...

ਮਜਬੂਰੀ ਵਿਚ ਛੱਲਕੇ ਨੈਣਾਂ,
ਕੀਕਣ ਧੀਰ ਬੰਧਾਵਾਂ ?
ਲੁੱਟ ਚੁੱਕੀ ਆਸਾਂ ਦੀ ਪੂੰਜੀ,
ਕਰਵਟ ਬਦਲੀ ਚਾਵਾਂ ।
ਇਹ ਹੰਝੂ ਖੁਸ਼ੀਆਂ ਦੇ ਨਾਹੀਂ,
ਜ਼ਖ਼ਮ ਜਿਗਰ ਦੇ ਰੱਸਦੇ...



Sri Satguru Jagjit Singh Ji eLibrary NamdhariElibrary@gmail.com

ਮੈਂ ਸਮਝਾਂ ਇੱਕ ਰੀਤ ਪੁਰਾਣੀ,
ਨਵੀਆਂ ਅੰਦਰ ਉਲਝੀ।
ਭੱਟਕ ਚੁੱਕੇ ਜੀਵਨ ਦੀ ਤਾਣੀ,
ਕੌਣ ਕਹੇ ਹੈ ਸੁਲਝੀ ?
ਭੁੱਲ ਚੁੱਕਾ ਭੈਰਵ ਨਹੀਂ ਆਉਣਾ,
ਕਿਉਂ ਦਿੱਲ ਵੀਣਾ ਕੱਸਦੇ ?...

ਪੀਲੇ ਪੀਲੇ ਫੁੱਲ ਸਧਰਾਂ ਦੇ,
ਝੂਮ ਝੂਮ ਕੇ ਹੱਸਦੇ !
ਉੱਜੜੀ ਹੋਈ ਜੁਆਨੀ ਤਾਈਂ,
ਭੇਦ ਜੀਣ ਦਾ ਦੱਸਦੇ !!



Sri Satguru Jagjit Singh Ji eLibrary NamdhariElibrary@gmail.com

## ਅਠਾਰਾਂ

ਚੰਨ-ਚਾਨਣੀਆਂ ਰਾਤਾਂ ਅੰਦਰ,
ਦਿੱਲ ਕਹਿੰਦੈ ਕੋਈ ਆਏ !

ਦੱਸ ਦੇਵੇ ਕੋਈ ਜਾ ਕੇ ਉਸ ਨੂੰ,
ਸੋਚਾਂ ਭਰੀ ਹਕੀਕਤ ।
ਮੈਂ ਤੇ ਮੇਰੇ ਗੀਤ ਬਾਂਵਰੇ,
ਸਭ ਉਸ ਦੀ ਮਲਕੀਅਤ ।
ਅੱਜ ਕਿਉਂ ਪੱਤਰ ਸਿਜਦੇ ਕਰਦੇ ?
ਅੱਜ ਕਿਉਂ ਸ਼ਾਖ ਲਹਿਰਾਏ ?...

ਉਸ ਦੀ ਇੱਕ ਮੁਸਕਾਨ ਮਿਲੇ ਤਾਂ,
ਲੱਖਾਂ ਸ਼ੁਕਰ ਮਨਾਵਾਂ ।
ਵੇਖ ਮੈਂ ਉਸ ਦੇ ਚੰਨ ਮੁੱਖੜੇ ਨੂੰ,
ਦਿੱਲ ਦੀਆਂ ਰੀਝਾਂ ਲਾਵਾਂ ।
ਅੱਜ ਕਿਉਂ ਫੁੱਲ ਦੀਵਾਨੇ ਹੋਏ ?
ਅੱਜ ਕਿਉਂ ਫੁੱਲ ਮੁਸਕਾਏ ?...

ਅੱਥਰੇ ਅੱਥਰੇ ਚਾਅ ਉਹਨਾਂ ਦੇ,
ਮੈਨੂੰ ਘੇਰਾ ਪਾਇਆ ।
ਨਜ਼ਰੋਂ ਉਹਲੇ ਹੋਏ ਜਿਸ ਪਲ,
ਲੰਮਾ ਹੌਕਾ ਆਇਆ ।
ਅੱਜ ਕਿਉਂ ਅਰਸ਼ ਚਾਨਣੀ ਵੰਡੇ ?
ਅੱਜ ਕਿਉਂ ਧਰਤ ਉਮਾਹੇ...



Sri Satguru Jagjit Singh Ji eLibrary NamdhariElibrary@gmail.com

ਬੱਸ ਉਸ ਦੀ ਮਦਹੋਸ਼ ਨਜ਼ਰ ਵਿੱਚ,
ਸਦਾ ਲਈ ਗੁੰਮ ਜਾਵਾਂ ।
ਬੈਠ ਉਸ ਦੀਆਂ ਪਲਕਾਂ ਥੱਲੇ,
ਮਾਣਾਂ ਠੰਢੀਆਂ ਛਾਵਾਂ ।
ਅੱਜ ਕਿਉਂ ਧਰਤੀ ਖੀਵੀ ਹੋਈ ?
ਸੰਗ ਦੇ ਪੱਲੂ ਲਾਹੇ...

ਅੱਜ ਜੋ ਅਰਸ਼ ਚਾਨਣੀ ਵੰਡੇ,
ਅੱਜ ਜੋ ਧਰਤ ਉਮਾਹੇ ।
ਅੱਜ ਜੋ ਪੱਤਰ ਸਜਦੇ ਕਰਦੇ,
ਅੱਜ ਜੋ ਸ਼ਾਖ ਲਹਿਰਾਏ ।
ਰੁਮਕਦੀਆਂ ਪੌਣਾਂ ਨੇ ਦਸਿਆ,
ਅੱਜ ਕੋਈ ਏਧਰ ਆਏ...



Sri Satguru Jagjit Singh Ji eLibrary NamdhariElibrary@gmail.com

## ਉ`ਨੀਂ

ਅੱਜ ਮੁਸਕਾਂਦੇ ਖੇਤਾਂ ਅੰਦਰ।
ਤੇਰੀਆਂ ਮਸਤ ਅਦਾਵਾਂ।

ਮੈਂ ਪਿਆਰਾਂ ਦੇ ਮੌੜਾਂ ਉੱਤੋਂ,
ਤਿਲਕ ਗਿਆ ਤੇ ਝੁਰਿਆ।
ਦਿੱਲ ਦਾ ਦਰਦ ਖਜ਼ਾਨਾ ਮੇਰਾ,
ਹੰਝੂ ਬਣ ਬਣ ਖੁਰਿਆ।
ਤਾਂ ਵੀ ਚੀਸਾਂ ਬੰਦ ਨਾ ਹੋਈਆਂ,
ਕਿਸ ਨੂੰ ਆਖ ਸੁਣਾਵਾਂ ?...

ਸੁਬ੍ਹਾ-ਸਵੇਰੇ ਕੋਸੀਆਂ ਕਿਰਨਾਂ,
ਤ੍ਰੇਲ ਵੀ ਰੰਗ ਵਟਾਏ।
ਏਧਰ ਦਿੱਲ ਵਿੱਚ ਝੱਖੜ ਜਾਗੇ,
ਅੱਖੀਆਂ ਨੀਰ ਵਹਾਏ।
ਇਹ ਮੇਰੀ ਜਾਇਦਾਦ ਸੱਜਣੀਏ,
ਕਿਸ ਦੀ ਝੋਲੀ ਪਾਵਾਂ ?...

ਤੇਰੀ ਨਜ਼ਰ ਪਿਆਰੀ ਦੇ ਵਿਚ,
ਜੀਵਨ ਦਾ ਝੱਲਕਾਰਾ।
ਨਹੀਂ ਤਾਂ ਆਖਰ ਬੁੱਝ ਜਾਏਗਾ,
ਭੱਖਦਾ ਇਹ ਅੰਗਿਆਰਾ।



Sri Satguru Jagjit Singh Ji eLibrary NamdhariElibrary@gmail.com

ਦਿੱਲ ਵਿੱਚ ਆਸਣ ਲਾਉਣ ਵਾਲਿਓ,
ਦੱਸੋ ਕਿਵੇਂ ਉਠਾਵਾਂ ?...

ਇਸ ਜੀਵਨ ਦੀ ਰੀਤ ਪੁਰਾਣੀ,
ਰੀਝਾਂ ਦਾ ਗੱਲ ਘੁੱਟਦੀ ।
ਜਾਗਣ ਵਾਲੇ ਸੋਨ-ਸਵੇਰੇ,
ਵੇਖ ਲਵੀਂ ਪਹੁ ਫੁੱਟਦੀ ।
ਫੇਰ ਬਸੰਤੀ ਮਹਿਕ ਅਸਾਂ ਲਈ,
ਖੋਲ੍ਹ ਦਏਗੀ ਬਾਹਵਾਂ...

ਪਾਕ ਪਵਿੱਤਰ ਆਸ਼ਾ ਸਾਹਵੇਂ,
ਪਰਬਤ ਵੀ ਝੁੱਕ ਜਾਣੇ ।
ਫਿਰ ਸੱਸੀ ਦੇ ਵਰ ਆਵਣਗੇ,
ਮਾਰੂਥਲ ਜੋ ਛਾਣੇ ।
ਜੀਵਨ ਨੂੰ ਨਿੱਘ ਦੇਣ ਦੀ ਖ਼ਾਤਰ.
ਤੇਰੀ ਯਾਦ ਹੰਢਾਵਾਂ ..

ਅੱਜ ਮੁਸਕਾਂਦੇ ਖੇਤਾਂ ਅੰਦਰ,
ਤੇਰੀਆਂ ਮਸਤ ਅਦਾਵਾਂ ।



Sri Satguru Jagjit Singh Ji eLibrary NamdhariElibrary@gmail.com

## ਵੀਹ

ਨਾ ਜਾਵੀਂ ਅੱਜ ਜਾਣ ਵਾਲਿਆ,
ਮੈਂ ਤੈਨੂੰ ਕੁੱਝ ਕਹਿਣਾ ।

ਜਿਉਂ ਸਾਲ ਵਿਚ ਰੁੱਤਾਂ ਆਵਣ,
ਇਉਂ ਜੀਵਨ ਵਿਚ ਘੜੀਆਂ ।
ਰੁੱਤਾਂ ਤੋਰ ਆਪਣੀ ਤੁਰੀਆਂ,
ਆਸਾਂ ਪੂਰ ਨਾ ਚੜ੍ਹੀਆਂ ।
ਇੱਕ ਤੇਰੀ ਗ਼ਮਖ਼ਾਰ ਨਜ਼ਰ ਦਾ,
ਹੋਰ ਨਹੋਰਾ ਸਹਿਣਾ...

ਰਸਮਾਂ ਤੇ ਦਸਤੂਰ ਪੁਰਾਣੇ,
ਵੇਖ ਵੇਖ ਮੈਂ ਝੂਰਾਂ ।
ਇੱਕ ਰੋਟੀ ਦੀ ਬੁਰਕੀ ਬਦਲੇ,
ਇੱਜ਼ਤ ਵੇਚਣ ਹੂਰਾਂ ।
ਕੀ ਏਦਾਂ ਦਮ ਘੁੱਟ ਕੇ ਮਰਨਾ,
ਤੇ ਚੁੱਪ ਸਾਡਾ ਗਹਿਣਾ ?...

ਦਾਅਵੇਦਾਰ ਸਮਾਜ ਮਿਰੇ ਦੇ,
ਮੈਨੂੰ ਬਹੁਤ ਸਤਾਂਦੇ ।
ਆਪਣੀ ਫੋਕੀ ਸ਼ਾਨ ਦੇ ਬਦਲੇ,
ਜ਼ੁਲਮ ਅਸਾਂ 'ਤੇ ਢਾਂਦੇ ।
ਕੱਦ ਤੱਕ ਅਸਾਂ ਪਿਆਰਾਂ ਕੋਲੋਂ,
ਦੂਰ ਦੂਰ ਹੋ ਬਹਿਣਾ ?...



Sri Satguru Jagjit Singh Ji eLibrary NamdhariElibrary@gmail.com

ਦੱਸ ਜਾ ਕਿ ਮਜ਼ਲੂਮ ਦੀ ਦੁਨੀਆਂ,
ਕੱਦ ਤੱਕ ਰਹਿਣੀ ਪਿਸਦੀ ?
ਕੱਦ ਤੱਕ ਘੁੰਮਣਘੇਰ 'ਚ ਰਹਿਣੀ,
ਅਬਲਾਵਾਂ ਦੀ ਕਿਸ਼ਤੀ ?
ਕੱਦ ਪਿਆਰਾਂ ਦੇ ਸੂਰਜ ਸਾਵੇਂ,
ਮਰੂ ਸ਼ੈਤਾਨ ਟਟਹਿਣਾ ?...

ਰੂਹਾਂ ਦੇ ਇਸ ਮੇਲ ਨੇ ਇੱਕ ਦਿਨ,
ਨੂਰ ਨੂਰ ਹੋ ਜਾਣਾ ।
ਫੇਰ ਤੁਹਾਡੀ ਰੂਹ ਭਟਕੀ ਨੂੰ,
ਮਿਲਣੈਂ ਕੋਈ ਟਿਕਾਣਾ ।
ਓਦੋਂ ਤੁਹਾਡੀ ਆਸ ਦਾ 'ਪੰਛੀ',
ਕੋਲ ਆਣ ਕੇ ਬਹਿਣਾ...

ਨਾ ਜਾਵੀਂ ਅੱਜ ਜਾਣ ਵਾਲਿਆ,
ਮੈਂ ਤੈਨੂੰ ਕੁੱਝ ਕਹਿਣਾ ।



Sri Satguru Jagjit Singh Ji eLibrary NamdhariElibrary@gmail.com

## ਇੱਕੀ

ਆ ਮੇਰੇ ਗੀਤਾਂ ਦੀ ਰਾਣੀ,
ਗੀਤਾਂ ਨੂੰ ਛੁਹ ਲਾ ਜਾ।

ਅੱਜ ਕਲੀਆਂ ਵਿਚ ਜੋਬਨ ਟਹਿਕੇ,
ਅੱਜ ਫੁੱਲਾਂ ਵਿਚ ਖੇੜਾ।
ਬਾਹਵਾਂ ਅੱਡ ਅੱਡ ਹਾਕਾਂ ਮਾਰੇ,
ਦਿੱਲ ਦਾ ਸੁੰਞਾ ਵਿਹੜਾ।
ਤੂੰ ਵੀ ਏਸ ਦੀਵਾਨੇ ਖ਼ਾਤਰ,
ਥੋੜ੍ਹਾ ਜਿਹਾ ਮੁਸਕਾ ਜਾ...

ਦੁਨੀਆਂ ਦੀ ਹਰ ਚੀਜ਼ ਸੁਹਾਣੀ,
ਤੇਰੀ ਯਾਦ ਦਿਲਾਂਦੀ।
ਆਸ ਦੀ ਕਿਸ਼ਤੀ ਦਿੱਲ ਸਾਗਰ ਵਿਚ,
ਡੱਗ ਮੱਗ ਡੋਲੇ ਖਾਂਦੀ।
ਖਿੱਚ ਭਰੀ ਮਾਸੂਮ ਨਜ਼ਰ ਦਾ,
ਹੋਰ ਤੂਫਾਨ ਮਚਾ ਜਾ...

ਤੇਰੀਆਂ ਯਾਦਾਂ ਦਿਲ ਅੰਬਰ 'ਤੇ,
ਕੂੰਜਾਂ ਵਾਂਗੂੰ ਆਈਆਂ।
ਆਪਣੀ ਪਿਆਸ ਬੁਝਾ ਨਾ ਸਕੀਆਂ,
ਮੁੜ ਗਈਆਂ ਤਰਹਾਈਆਂ।

ਆ ਜੀਵਨ ਦੇ ਮਾਰੂਥਲ ਤੇ,
ਬਦਲੀ ਬਣ ਕੇ ਛਾ ਜਾ...



Sri Satguru Jagjit Singh Ji eLibrary NamdhariElibrary@gmail.com

ਆ ਮੇਰੇ ਜੀਵਨ ਦੀਏ ਰੀਝੇ,
ਤੈਂ ਬਿਨ ਜੀਵਨ ਖਾਲੀ ।
ਵੇਖ, ਤੇਰੀਆਂ ਯਾਦਾਂ ਅੰਦਰ,
ਹੰਝੂਆਂ ਪਲਕ ਹੰਗਾਲੀ ।
ਕੀਤਾ ਅਸਾਂ ਕਸੂਰ ਜੋ ਸੱਜਣੀ,
ਸਾਡੀ ਝੋਲੀ ਪਾ ਜਾ...

ਆ ਮੇਰੇ ਗੀਤਾਂ ਦੀ ਰਾਣੀ,
ਗੀਤਾਂ ਨੂੰ ਛੁਹ ਲਾ ਜਾ...



Sri Satguru Jagjit Singh Ji eLibrary NamdhariElibrary@gmail.com

## ਬਾਈ

ਆ ਮੇਰੇ, ਪਿਆਰਾਂ ਦੇ ਹਾਣੀ,
ਤੇਰੀ ਹੋਂਦ 'ਤੇ ਨਾਜ਼ ਬੜਾ ਹੈ ।

ਪੁੰਗਰੀਆਂ ਆਸ਼ਾਵਾਂ ਹੈਸਨ,
ਉਹ ਨਾ ਪੂਰੀਆਂ ਹੋਈਆਂ ।
ਸੱਧਰਾਂ ਵੀ ਚੀਸਾਂ ਬਣ ਗਈਆਂ
ਰੋਜ਼ ਹੀ ਵਿਲਕਣ ਮੋਈਆਂ ।
ਨੋਚ ਦੇਣ ਦੇ ਖੰਭ ਜ਼ਾਲਮ ਨੂੰ,
ਏਸ ਅੰਦਰ ਅੰਦਾਜ਼ ਬੜਾ ਹੈ...

ਕਾਲਖ਼ ਦਾ ਟਿੱਕਾ ਲੱਗ ਜਾਵੇ,
ਏਸ ਚੀਜ਼ ਦਾ ਫਿਕਰ ਨਹੀਂ ਹੈ ।
ਹੁਸਨ ਨੂੰ ਠੁਕਰਾ ਸਕਦਾ ਹਾਂ,
ਇਸ ਗੱਲ ਦਾ ਵੀ ਜ਼ਿਕਰ ਨਹੀਂ ਹੈ ।
ਰੀਝਾਂ ਤੋਂ ਮੁਨਕਰ ਹੋ ਚੁੱਕਾ,
ਲੋਕਾਂ ਨੂੰ ਇਤਰਾਜ਼ ਬੜਾ ਹੈ...

ਦੁਨੀਆਂਦਾਰ ਤਾਂ ਇਹੋ ਕਹਿੰਦੇ,
ਇਹ ਦੀਵਾਨਾ ਇਹ ਸੌਦਾਈ ।
ਲੋਕਾਂ ਭਾਣੇ ਆਉਣ ਬਹਾਰਾਂ,
ਅਸੀਂ ਤਾਂ ਤੇਰੀ ਯਾਦ ਹੰਢਾਈ ।
ਫੇਰ ਕਹਾਂਗਾ ਜੱਗ ਦੀ ਧੜਕਣ,
ਹਾਲੀਂ ਦਿੱਲ ਵਿੱਚ ਰਾਜ਼ ਬੜਾ ਹੈ...



Sri Satguru Jagjit Singh Ji eLibrary NamdhariElibrary@gmail.com

ਲੋਹੜੇ ਦਾ ਹੈ ਲੋਰ ਛੁਹਾਂ ਵਿੱਚ,
ਨਜ਼ਰਾਂ ਤੇ ਮੁਸਕਾਨਾਂ ਅੰਦਰ ।
ਦੂਰ ਜਾਓ ਤਾਂ ਯਾਦਾਂ ਖ਼ਾਤਰ,
ਖੁਲ੍ਹ ਜਾਂਦਾ ਹੈ ਇਹ ਮਨ-ਮੰਦਰ ।
ਵੱਸਲਾਂ ਦੀ ਇੱਕ ਘੜੀ ਸੁਹਾਣੀ,
ਸਾੜਨ ਲਈ ਸਮਾਜ ਬੜਾ ਹੈ...

ਅੱਗ ਬ੍ਰਿਹਾ ਦੀ, ਠੰਢ ਪਿਆਰਾਂ ਦੀ,
ਵਸਲਾਂ ਵਿੱਚ ਸਮੋ ਦੇਵੋ ਜੇ ।
ਸੁਹਜ ਪਿਆਰ ਦਾ ਅੰਮ੍ਰਿਤ ਪਿਆਲਾ,
ਹੋਠਾਂ ਦੇ ਸੰਗ ਛੁਹ ਦੇਵੋ ਜੇ ।
ਫੇਰ ਕਹੋ ਕੋਈ ਗੀਤ ਸੁਰਾਂ 'ਤੇ,
ਇਹ ਦਿਲ ਸੁੰਦਰ ਸਾਜ਼ ਬੜਾ ਹੈ...

ਆ ਮੇਰੇ ਪਿਆਰਾਂ ਦੇ ਹਾਣੀ,
ਤੇਰੀ ਹੋਂਦ 'ਤੇ ਨਾਜ਼ ਬੜਾ ਹੈ ।



Sri Satguru Jagjit Singh Ji eLibrary NamdhariElibrary@gmail.com

## ਤੇਈ

ਅਜੇ ਤਾਂ ਮੰਜ਼ਿਲ ਦੂਰ, ਓ ਸਾਥੀ,
ਅਜੇ ਤਾਂ ਮੰਜ਼ਿਲ ਦੂਰ !!

ਅਜੇ ਖੇਤ ਦਾ ਵਾਲੀ ਝੂਰੇ,
ਅਜੇ ਕਿਰਤ ਨੂੰ ਹਾਵੇ ।
ਅਜੇ ਕਲਪਣਾ ਇਨਸਾਨਾਂ ਦੀ,
ਦਿਨੇ ਰਾਤ ਗ਼ਮ ਖਾਵੇ ।
ਅਜੇ ਕਲਾ ਨੂੰ ਸਨਮਾਨਣ ਦਾ,
ਆਇਆ ਨਹੀਂ ਸ਼ਊਰ...

ਅਜੇ ਮਨੁੱਖਤਾ ਸਹਿਮੀ ਹੋਈ,
ਹੰਝੂ ਤ੍ਰਿਪ ਤ੍ਰਿਪ ਕੇਰੇ ।
ਐਟਮ ਦੀ ਦਹਿਸ਼ਤ ਨੇ ਪਾਏ,
ਚਾਰ ਚੁਫੇਰਿਉਂ ਘੇਰੇ ।
ਇਸ ਹਾਲਤ ਵਿੱਚ ਮੇਲ ਰੂਹਾਂ ਦਾ,
ਕੀ ਹੋਣੈ ਇੱਕ ਨੂਰ ?...

ਅਜੇ ਤਾਂ ਚੀਸਾਂ, ਪੀੜਾਂ, ਹੌਕੇ,
ਅਜੇ ਨਾ ਮੁਕੀਆਂ ਵਾਟਾਂ ।
ਅਜੇ ਤਾਂ ਆਸਾਂ ਸਿਸਕ ਰਹੀਆਂ ਨੇ,
ਅਜੇ ਤਾਂ ਪੈਣ ਤਰਾਟਾਂ ।



Sri Satguru Jagjit Singh Ji eLibrary NamdhariElibrary@gmail.com

ਅਜੇ ਪਿਆਰ ਨੂੰ ਸਤਿਕਾਰਨ ਦਾ,
ਬਣਿਆ ਨਹੀਂ ਦਸਤੂਰ...

ਅਜੇ ਤਾਂ ਸੋਚਾਂ, ਸੋਚ ਨਾ ਸਕਣ,
ਨਿਰਬਲ ਹੋ ਕੇ ਰਹੀਆਂ।
ਅਜੇ ਜ਼ਮਾਨਾ ਜਾਬਰ ਦਿਸਦਾ,
ਸਦੀਆਂ ਵੀ ਲੰਘ ਗਈਆਂ।
'ਪੰਛੀ' ਤੋਲੇ ਖੰਭ ਆਪਣੇ,
ਪਰ ਉਡਣੋਂ ਮਜਬੂਰ...

ਅਜੇ ਤਾਂ ਮੰਜ਼ਿਲ ਦੂਰ, ਓ ਸਾਥੀ!
ਅਜੇ ਤਾਂ ਮੰਜ਼ਿਲ ਦੂਰ!!



Sri Satguru Jagjit Singh Ji eLibrary NamdhariElibrary@gmail.com

## ਚੌਵੀ

ਆ ਜਾ ਪਰਦੇਸੀਆ,
ਮਹੀਨਾ ਆਇਆ ਸੌਣ ਦਾ !

ਹੱਵਾ ਦਿਆਂ ਬੁਲਿਆਂ 'ਚ,
ਪਿੱਪਲ ਵੀ ਸ਼ੂਕਦਾ ।
ਬੋਲਦਾ ਪਪੀਹਾ ਪੀ-ਪੀ,
ਤੱਤੜੀ ਨੂੰ ਫੂਕਦਾ ।
ਇਹੋ ਦਿਨ ਚਾਰ ਨੇ ਇਹ,
ਸਮਾਂ ਨਹੀਂ ਗਵਾਉਣ ਦਾ...

ਸੌਣ ਦੀਆਂ ਵਾਵਾਂ ਚੰਨਾਂ,
ਹੋ ਕੇ ਗਈਆਂ ਸਿਲੀਆਂ,
ਅੰਬਾਂ ਦਿਆਂ ਬੂਟਿਆਂ 'ਤੇ,
ਅੰਬੀਆਂ ਵੀ ਪਿੱਲੀਆਂ ।
ਮੈਨੂੰ ਨਹੀਉਂ ਵਿਹਲ ਹਾਲੇ,
ਹੰਝੂ ਵੀ ਵਹਾਉਣ ਦਾ...

ਹਾਰ ਤੇ ਸ਼ਿੰਗਾਰ ਨਾਲ,
ਮੇਰਾ ਕਾਹਦਾ ਮੋਹ ਵੇ ।
ਮੈਨੂੰ ਲੱਗੀ ਹੋਈ, ਤੈਨੂੰ
ਵੇਖਣੇ ਦੀ ਖੋਹ ਵੇ ।



Sri Satguru Jagjit Singh Ji eLibrary NamdhariElibrary@gmail.com

ਵੰਗਾਂ ਵੇ ਪੁਕਾਰਦੀਆਂ,
ਪਤਾ ਭੇਜੀਂ ਆਉਣ ਦਾ...

ਸੱਜਣਾਂ ਵਿਜੋਗ ਵਿੱਚ,
ਢੱਲ ਗੱਈ ਜੁਆਨੀ ਵੇ।
ਕਿਵੇਂ ਦਿੱਲ ਲਾਵਾਂ ?
ਤੇਰੀ ਕੋਈ ਨਾ ਨਿਸ਼ਾਨੀ ਵੇ।
'ਪੰਛੀ' ਜੇ ਹੋਵਾਂ, ਮਿਲਾਂ,
ਬੁੱਲਾ-ਬਣ ਪੌਣ ਦਾ...

ਆ ਜਾ ਪਰਦੇਸੀਆ,
ਮਹੀਨਾ ਆਇਆ ਸੌਣ ਦਾ!



Sri Satguru Jagjit Singh Ji eLibrary NamdhariElibrary@gmail.com

## ਪੰਛੀ

ਸੌਣ ਦਾ ਦਾ ਮਹੀਨਾ,
ਕਾਹਦਾ ਕਲਿਆਂ ਦਾ ਜੀਣਾ ?
ਦੇਵੇ ਤੱਤੜੀ ਦੁਹਾਈਆਂ ਵੇ,
ਐਨੀਆਂ ਕਿਉਂ ਕੀਤੀਆਂ ਈ.
ਲਾਪਰਵਾਹੀਆਂ ਵੇ...

ਸੌਣ ਦੀਆਂ ਕਣੀਆਂ,
ਸਾਡੀ ਜਿੰਦੜੀ ਨੂੰ ਬਣੀਆਂ ।
ਵਿੱਚੇ ਮੁੱਕ ਮੁੱਕ ਜਾਵਾਂ ਵੇ,
ਬੈਠ ਕੇ ਸੁਬਾਤਾਂ ਵਿੱਚ,
ਔਂਸੀਆਂ ਮੈਂ ਪਾਵਾਂ ਵੇ...

ਸੌਣ ਦੀ ਫੁਹਾਰ,
ਅੱਜ ਕੀਤੀ ਏ ਪੁਕਾਰ ।
ਮੇਰੇ ਅਣ-ਲੱਥੇ ਚਾਵਾਂ ਨੇ,
ਰੋਜ਼ ਮੈਂ ਉਡਾਵਾਂ, ਪਰ
ਧੋਖਾ ਦਿੱਤਾ ਕਾਵਾਂ ਨੇ ..



Sri Satguru Jagjit Singh Ji eLibrary NamdhariElibrary@gmail.com

ਛੋਟੀ ਨਣਦ ਖਿਡਾਵੇ,
'ਆਇਆ ਵੀਰ' ਆਖੀ ਜਾਵੇ,
ਮਸਾਂ ਜਿੰਦ ਨੂੰ ਉਡਾਵਾਂ ਵੇ,
ਹਾਏ ਕਿਵੇਂ ਮਾਣਾਂ ?
ਦੂਰ ਪਿਆਰ ਦੀਆਂ ਛਾਵਾਂ ਵੇ...

ਤੇਰੀ ਪਿਆਰੀ ਫੁਲਵਾੜੀ,
ਲੋਕਾਂ ਤਾਨ੍ਹੇ ਦੇ ਕੇ ਸਾੜੀ।
'ਪੰਛੀ' ਲੱਗ ਗਿਆ ਹਾਵਾ ਵੇ,
ਲੈਨੀਆਂ ਉਲਾਰ ਬਾਹਵਾਂ,
ਖ਼ਾਲੀ ਹੈ ਕਲਾਵਾ ਵੇ...


Sri Satguru Jagjit Singh Ji eLibrary NamdhariElibrary@gmail.com

## ਛੱਬੀ

ਉਹ ਕਹਿਰਾਂ ਦੀ ਰਾਤ ਵੇ ਸੱਜਣਾਂ,
ਬਹਿ ਕੇ ਨੈਣਾਂ ਵਿੱਚ ਲੰਘਾਈ ।
ਵਿੱਚ ਵਿਛੋੜੇ ਵਸਲ ਲਈ ਜਾਗੇ,
ਵਸਲ ਹੋਇਆ ਤਾਂ ਨੀਂਦ ਨਾ ਆਈ !!

ਅਮਿਉਂ-ਰਸ ਪੀ ਨੈਣਾਂ ਵਿਚੋਂ,
ਪਿਆਸੀ ਸਾਡੀ ਰੂਹ ਤ੍ਰਿਪਤਾਈ ।
ਏਦਾਂ ਤਾਂ ਕੋਈ ਛੱਡ ਨਹੀਂ ਜਾਂਦਾ,
ਕਹਿੰਦੀ ਕਹਿੰਦੀ ਰਹੀ ਲੁਕਾਈ...

ਜੋਬਨ ਪਾਰਾ ਥਿਰ ਨਹੀਂ ਰਹਿੰਦਾ,
ਪਿਆਰ ਕਦੀ ਬੰਨ੍ਹਿਆਂ ਨਾ ਜਾਈ ।
ਹੁਸਨ ਬਿਨਾ ਤਾਂ ਸਰ ਜ਼ਾਂਦਾ ਹੈ,
ਪਿਆਰ ਬਿਨਾ ਇਹ ਰੂਹ ਕੁਰਲਾਈ...

ਇਹ ਸਾਡਾ ਦਿਲ ਧੁਖਣ ਵਾਲਾ,
ਸਾਂਭੀ ਬੈਠਾ ਸਿਦਕ ਸਚਾਈ ।
ਉਹ ਨੈਣਾਂ ਨੇ ਹੋਰ ਅਸਾਡੇ,
ਜਿਨ੍ਹਾਂ ਵੇਖੀ ਸੀ ਰੁਸ਼ਨਾਈ...



Sri Satguru Jagjit Singh Ji eLibrary NamdhariElibrary@gmail.com

ਦੂਰ ਦੁਰੇਡੇ ਦੇਸ਼ਾਂ ਵਿੱਚੋਂ,
ਯਾਦ ਤੇਰੀ ਨੇ ਛਹਿਬਰ ਲਾਈ ।
ਜੇ ਤੈਨੂੰ ਹੈ ਰੱਬ ਨੇ ਚਾਹਿਆ,
ਯਾਦ ਤੇਰੀ ਦਿੱਲ ਸਾਡੇ ਚਾਹੀ...

ਇਹ ਸੱਜਣਾਂ ਉਮਰਾਂ ਦੇ ਸੌਦੇ,
ਇਹ ਪੂੰਜੀ ਜਨਮਾਂ ਦੀ ਪਾਈ ।
ਖ਼ੈਰ ਤੁਸੀਂ ਜੇ ਭੁੱਲ ਵੀ ਜਾਵੋ,
'ਪੰਛੀ' ਤੋਂ ਭੁਲਿਆ ਨਾ ਜਾਈ...



Sri Satguru Jagjit Singh Ji eLibrary NamdhariElibrary@gmail.com

## ਸਤਾਈ

ਉਲਫ਼ਤ ਵਿਚੋਂ ਮਿਹਣੇ ਖੱਟੇ,
ਕੁਝ ਹੌਕੇ ਕੁਝ ਆਹਾਂ ਵੇ !!
ਪ੍ਰੀਤ ਲਮੇਰੀ ਮਿਣ ਕੇ ਦਸਿਆ,
ਗਜ਼ ਗਜ਼ ਲੰਮਿਆਂ ਸਾਹਾਂ ਵੇ...

ਮਿਲ ਪੈਣਾ ਤੇ ਵਿੱਛੜ ਜਾਣਾ,
ਗੱਲ ਸਦੀਵੀ ਸੱਜਣਾਂ ਵੇ।
ਗ਼ਮ ਅੱਧਵਾਟੇ ਟੁੱਟ ਜਾਵਣ ਦਾ,
ਸਬਰ-ਨੀਰ ਸੰਗ ਖਾਵਾਂ ਵੇ...

ਅੱਖ ਦੇ ਫੋਰੇ ਕਿਧਰ ਟੁਰ ਗਈ ?
ਧੁਪੋਂ ਵੱਧ ਜੁਆਨੀ ਵੇ।
ਕਾਲਖ ਲਿਬੜੀਆਂ ਰਾਤਾਂ ਤੋਂ ਬਿਨ,
ਕਿੱਥੇ ਦਿਹੋਂ ਲੰਘਾਵਾਂ ਵੇ...

ਬੈਠ ਬਨੇਰੇ ਕੁਰਲੀਆਂ ਕਰਦੈਂ,
ਇਹ ਐਵੇਂ ਦਿਲਬਰੀਆਂ ਵੇ।
ਮਰਿਆਂ ਵੀ ਕੋਈ ਮੁੜ ਕੇ ਆਂਦਾ,
ਉੱਡ ਜਾ ਝੂਠਿਆ ਕਾਵਾਂ ਵੇ...

ਬ੍ਰਿਹੋਂ ਵਿਯੋਗ ਦੇ ਢਿੱਡ 'ਚ ਗੋਲੇ,
ਰਾਤ ਦਿਨੇਂ ਚਮਕੇਂਦੇ ਵੇ।
ਕੌਣ ਹਕੀਮ ਜੋ ਪੁੜੀਆਂ ਦੇਵੇ ?
ਉਸ ਨੂੰ ਨਬਜ਼ ਫੜਾਵਾਂ ਵੇ...



Sri Satguru Jagjit Singh Ji eLibrary NamdhariElibrary@gmail.com

ਕੋਰਾ ਸੁੱਚਾ ਰੂਪ ਅਸਾਂ ਨੇ,
ਤੇਰੇ ਪੱਲੇ ਪਾਇਆ ਵੇ ।
ਪੱਲਾ ਝਾੜ ਅਲੋਪ ਹੋ ਗਿਉਂ,
ਲੱਭਦਾ ਨਾ ਪਰਛਾਵਾਂ ਵੇ...

ਤੇਰੇ ਨਾਲ ਜੋ ਰੂਪ ਅਸਾਡਾ,
ਖਿੜਿਆ ਤੇ ਮਹਿਕਾਇਆ ਵੇ ।
ਉਹੋ ਰੂਪ ਵਿਯੋਗਣ ਬਣ ਕੇ,
ਹੰਝੂਆਂ ਵਿੱਚ ਰੁੜ੍ਹਾਵਾਂ ਵੇ...

ਅੱਜ ਪਰਬਤ ਤੋਂ ਭਾਰਾ ਹੋਇਆ,
ਫੁੱਲੋਂ ਹੌਲਾ ਜੀਵਨ ਵੇ ।
ਬੇ-ਰੱਸ, ਬੇ-ਸੁਰ ਸਾਜ਼, ਜੁਆਨੀ,
ਤੋਲ ਨਹੀਂ ਰਹਿੰਦਾ ਸਾਵਾਂ ਵੇ...

ਸੋਨਾ, ਹੀਰਾ, ਲਾਲ, ਜਵਾਹਰ,
ਛੱਡ ਗਿਉਂ ਬਾਲ ਨਿਸ਼ਾਨੀ ਵੇ ।
ਮਿੱਠੀ ਯਾਦ ਅਸਾਡੇ ਪੱਲੇ,
ਦਿੱਲ ਕਾਸੇ ਵਿੱਚ ਪਾਵਾਂ ਵੇ...

ਜੇ ਸੱਜਣਾਂ ਸਾਡਾ ਜ਼ੋਰ ਚਲੇਂਦਾ,
ਜਾਣ ਨਾ ਦੇਂਦੀ ਤੈਨੂੰ ਵੇ ।
ਸਭ ਕੁਝ ਵਾਰ ਦਿੰਦੀ ਉਸ ਉੱਤੋਂ,
ਜਿਸ ਸੰਗ ਲਈਆਂ ਲਾਵਾਂ ਵੇ ।

ਪੰਛੀ' ਸਾਡੀ ਪੇਸ਼ ਨਾ ਚਲੀ,
ਬਾਜ ਅਚਿੰਤੇ ਝੱਪਟੇ ਵੇ ।
ਅੱਛਾ ! ਰੱਬ ਦੀਆਂ ਬੇ-ਪਰਵਾਹੀਆਂ,
ਕਹਿ ਕੇ ਦਿੱਲ ਸਮਝਾਵਾਂ ਵੇ...



Sri Satguru Jagjit Singh Ji eLibrary NamdhariElibrary@gmail.com

# ਰੁਬਾਈਆਂ

— 1 —

ਲੋਕ ਜੁੱਗ ਅੰਦਰ, ਤਾਂ ਸਮਝੋ, ਲੋਕ ਹੀ ਬਲਵਾਨ ਨੇ।
ਆਪਣੇ ਹੱਕਾਂ ਦੀ, ਕਰਦੇ ਆਪ ਹੀ, ਪਹਿਚਾਨ ਨੇ।
ਵਾਰ ਦਿੰਦੇ ਨੇ, ਜੋ ਜੀਵਨ, ਆਮ ਲੋਕਾਂ ਵਾਸਤੇ,
ਮੇਰੀਆਂ ਨਜ਼ਰਾਂ 'ਚ, ਓਹੀ ਸੂਰਮੇ ਇਨਸਾਨ ਨੇ।

— 2 —

ਰਾਜ 'ਜਨਤਾ' ਦਾ, ਤਾਂ ਜਨਤਾ ਕੀ ਕਰੇ ?
ਭੁੱਖੀ ਮਰੇ, ਪਿਆਸੀ ਰੁਵੇ, ਦੁੱਖੜੇ ਜਰੇ।
ਕੁਰਸੀ ਅਸਾਡਾ ਧਰਮ, ਪੱਕਾ ਇਸ਼ਟ ਹੈ,
ਪਰਖਣ ਦੀ ਸਾਨੂੰ, ਲੋੜ ਕੀ, ਖੋਟੇ ਖਰੇ ?

— 3 —

ਪਿਆਰ ਤਿਰੇ ਦੀ ਪੂੰਜੀ ਸੱਜਣਾਂ, ਹਰ ਪਲ ਹਰ ਛਿਣ ਜੋੜਾਂ।
ਤਾਂ ਜੋ ਔਖੇ ਵੇਲੇ ਕਿਧਰੇ, ਪੈ ਨਾ ਜਾਵਣ ਤੋੜਾਂ।
ਉਂਝ ਤਾ ਸਾਰੇ, ਰੋਜ਼ ਹੀ ਆ ਕੇ, ਦਿੰਦੇ ਰਹਿਣ ਦਿਲਾਸਾ,
ਐਪਰ ਸਭ ਤੋਂ ਵੱਖਰੀਆਂ ਸਾਨੂੰ, ਰਹਿਣ ਤੇਰੀਆਂ ਲੋੜਾਂ।



Sri Satguru Jagjit Singh Ji eLibrary NamdhariElibrary@gmail.com

— 4 —

ਇਸ ਦੁਨੀਆਂ ਦੇ ਵਿੱਚ ਵੇਖ ਲਏ ਮੈਂ, ਗੌਂ ਗਰਜ਼ ਦੇ ਬੰਦੇ।
ਟੁੱਟਣ ਸਭੇ ਦਿਲਬਰੀਆਂ, ਜਦ ਮੁੱਕ ਜਾਂਦੇ ਨੇ ਧੰਦੇ।
ਫਿਰ ਵੀ ਇਸ ਦੁਨੀਆਂ ਨੂੰ ਮੈਥੋਂ, ਸੁਪਨਾ ਆਖ ਨਾ ਹੋਇਆ,
ਸਾਨੂੰ ਕਦੀ ਨਾ ਇੱਕ ਛਿਣ ਖ਼ਾਤਰ, ਬਖਸ਼ਿਆ ਜਗਤ ਜਲੰਦੇ।

— 5 —

ਮੈਂ ਤਾਂ ਉਸ ਨੂੰ ਆਪਣਾ ਕਹਿ ਕੇ, ਸੋਚਿਆ ਸੀ ਸੌ ਵਾਰੀ।
ਮਨ ਵਿੱਚ ਉਸ ਦੀ ਕਦਰ ਅਸਾਂ ਨੇ, ਰੱਖ ਲਈ ਪਿਆਰੀ ਪਿਆਰੀ।
ਪਰ ਮੈਂ ਉਸ ਨੂੰ ਕੁੱਝ ਨਾ ਆਖਾਂ, ਖਵਰੇ ਉਹ ਰੁੱਸ ਜਾਵੇ,
ਮਨ ਤਾਂ ਉਸ ਦੇ ਦਰਸ਼ਨ ਖਾਤਰ, ਲਾਵੇ ਰੋਜ਼ ਉਡਾਰੀ।

— 6 —

ਜੇ ਪਿਆਰੇ ਨੂੰ ਆਖ ਦਿਆਂ, ਕਿ ਤੂੰ ਹੈਂ ਮੇਰਾ ਪਿਆਰਾ।
ਖ਼ਵਰੇ ਉਸ ਦੇ ਨਖ਼ਰੇ ਵਿਚੋਂ, ਮਿਲ ਜਾਏ ਕੋਈ ਸਹਾਰਾ।
ਮਨ ਦਾ ਭਰਮ ਬੜਾ ਹੀ ਚੰਚਲ, ਬਾਂਦਰ ਵਾਂਗ ਟਪਾਵੇ,
ਹੋਰ ਹੋਰ ਥਾਂ ਭਟਕੀ ਜਾਵੇ, ਕਰੇ ਨਾ ਕੋਈ ਨਿਤਾਰਾ।

— 7 —

ਮਨ ਚੰਦਰੇ ਨੂੰ ਬਹਿ ਕੇ ਕੋਈ, ਚੱਜ ਦੀ ਗੱਲ ਸਮਝਾਵੇ।
ਇਸ ਨੂੰ ਹੌਲੀ ਹੌਲੀ ਕਰਕੇ, ਸੱਚ ਦੀ ਚੇਟਕ ਲਾਵੇ।
ਇਸ ਦਾ ਖਾਸਾ ਕੁੱਝ ਵੀ ਹੋਵੇ, ਇਹ ਨਾ ਬਹੁਤਾ ਸੋਚੋ,
ਇਸ ਦੇ ਨੱਖਰੇ ਵਾਲੇ ਨੱਕ ਵਿਚ, ਸਿਦਕ ਨਕੇਲ ਲੰਘਾਵੇ।

— 8 —

ਉਸ ਚੰਦਰੇ ਨੂੰ ਜਾ ਕੇ ਕੋਈ, ਚੱਜ ਦੀ ਗੱਲ ਸਮਝਾਵੇ।
ਤਾਂ ਜੋ ਪਾਗਲ ਕੁੱਤੇ ਵਾਂਗੂੰ, ਭੌਂਕ ਨਾ ਜਗਤ ਡਰਾਵੇ।
ਇਹ ਵੀ ਇੱਕ ਉਪਕਾਰ ਹੋਏਗਾ, ਕਹੀਏ ਰਲ ਕੇ ਸਾਰੇ,
ਆਪਣੇ ਹੱਥੀਂ ਜ਼ਹਿਰ ਦੀਆਂ ਉਹ, ਪੁੜੀਆਂ ਆਪ ਨਾ ਖਾਵੇ।



Sri Satguru Jagjit Singh Ji eLibrary NamdhariElibrary@gmail.com

—9—

ਨੀਲਾ ਅੰਬਰ, ਚਮਕਣ ਤਾਰੇ, ਮਨ ਵਿੱਚ ਸੋਚ ਰਿਹਾ ਹਾਂ।
ਕਾਲੀਆਂ ਰਾਤਾਂ ਇਕਲਾਪੇ ਵਿੱਚ, ਗ਼ਮ ਨੂੰ ਨੋਚ ਰਿਹਾ ਹਾਂ।
ਕੈਸੀ ਹੈ ਇਹ ਯਾਰ ਅਵੱਸਥਾ ? ਮੈਨੂੰ ਸਮਝ ਨਾ ਆਵੇ,
ਸਭ ਇਹ ਤਾਅਨੇ ਮਿਹਣੇ ਆਖ਼ਰ, ਕਿਸ ਲਈ ਬੋਚ ਰਿਹਾ ਹਾਂ ?

—10—

ਤਾਰ ਗਿਆ ਜੋ ਨਜ਼ਰ ਮਿਲਾ ਕੇ ਐਵੇਂ ਸਹਿਜ ਸੁਭਾ ਹੀ।
ਇਹ ਨਜ਼ਰਾਂ ਦਾ ਜਾਦੂ ਵੇਖੋ, ਕੈਸੀ ਰਮਜ਼ ਇਲਾਹੀ!
ਭਾਵੇਂ ਏਸ ਜ਼ਮੀਨ ਦੇ ਉੱਤੇ, ਸਭ ਕੁਝ ਨਜ਼ਰੀਂ ਆਵੇ,
ਇੱਕੋ ਉਸ ਦਾ ਚਾਨਣ ਮੁੱਖੜਾ, ਬਾਕੀ ਜੱਗਤ ਸਿਆਹੀ।

—11—

ਜੱਦ ਮੈਂ ਚੁੱਪ ਚੁਪੀਤਾ ਬਹਿ ਕੇ, ਆਪਣਾ ਆਪ ਪਛਾਣਾਂ।
ਬਹੁਤ ਝਮੇਲਾ ਮਨ ਦੇ ਅੰਦਰ, ਆਵੇ ਮੋੜ ਮੁਹਾਣਾ।
ਬੜਾ ਹੁਸੀਨ ਜੱਗਤ ਦਾ ਮੁੱਖੜਾ, ਅੰਦਰੋਂ ਭਾਵੇਂ ਕਾਲਾ,
ਇਸ ਦੁਨੀਆਂ ਨੂੰ 'ਪੰਛੀ' ਆਖੇ, ਮੈਂ ਜਾਣਾ, ਮੈਂ ਜਾਣਾ।

—12—

ਪਾਗ਼ਲ ਮਨ ਦੇ ਪਿੱਛੇ ਲੱਗ ਕੇ, ਕਈ ਵਾਰ ਮੈਂ ਖੋਇਆ।
ਭਟਕਣ ਅੰਦਰ, ਸਹਿਮ ਸਹਿਮ ਕੇ, ਅੰਦਰ ਵੜ ਵੜ ਰੋਇਆ।
ਇਸ ਝੱਲੇ ਨੇ ਹਰ ਵਾਰੀ ਹੀ, ਮੈਨੂੰ ਔਜੜ ਪਾਇਆ,
ਅਸੀਂ ਵੀ ਖੋਜੀ ਕਾਫ਼ਰ ਵਾਂਗੂੰ, ਬਹਿ ਕੇ ਨੀਰ ਬਲੋਇਆ।

—13—

ਜਿਹੜਾ ਮੈਨੂੰ ਨਜ਼ਰ ਨਾ ਆਵੇ, ਉਸ ਨੂੰ ਕਿਵੇਂ ਨਿਹਾਰਾਂ ?
ਉਸ ਦਾ ਪਤਾ ਕੋਈ ਨਾ ਮੈਨੂੰ, ਕਿਸ ਵੱਲ ਪਾਵਾਂ ਤਾਰਾਂ ?
ਫਿਰ ਵੀ ਰਾਹ ਦਾ ਆਸ ਪਾਸ ਤਾਂ, ਦੱਸ ਦੇਵਣ ਰੂਹ ਵਾਲੇ,
ਓਸ ਰਾਹ ਦੀਆ ਰਮਜ਼ਾਂ ਪਾ ਕੇ, ਵਹਿੰਦੇ ਕਈ ਹਜ਼ਾਰਾਂ।



Sri Satguru Jagjit Singh Ji eLibrary NamdhariElibrary@gmail.com

—14—

ਮਿੱਤਰ ਪਿਆਰੇ ਦੀ ਕਹਿਣੀ ਦਾ ਭਾਵੇਂ ਅਸੀਂ ਵਸਾਹ ਕਰਦੇ ਹਾਂ ।
ਉਸ ਦੀਆਂ ਪੀੜਾਂ ਦੇ ਸੰਗ ਰਹਿ ਕੇ, ਚੰਗੀ ਤਰ੍ਹਾਂ ਨਿਬਾਹ ਕਰਦੇ ਹਾਂ ।
ਪਰ ਦੁਨੀਆ ਦੀ ਤਾਅਨੇਬਾਜ਼ੀ, ਸਾਨੂੰ ਜੀਣ ਨਾ ਦੇਵੇ,
ਜੀਕਣ ਉਸ ਦੇ ਨਾਲ ਬਣਾ ਕੇ, ਜੀਵਨ ਅਸੀਂ ਤਬਾਹ ਕਰਦੇ ਹਾਂ ।

— 15 —

ਤੁਰ ਜਾਵਣ ਨੂੰ ਜੀਅ ਨਹੀਂ ਕਰਦਾ, ਰਹਿਣਾ ਵੀ ਹੈ ਮੁਸ਼ਕਿਲ ।
ਕੀ ਕਰਨਾ ਹੈ ਟੋਕ ਟਕੱਈਆ, ਸਹਿਣਾ ਵੀ ਹੈ ਮੁਸ਼ਕਿਲ ।
ਕਿਹੜੇ ਰਾਹ ਨੂੰ ਮੀਤ ਬਣਾਈਏ ? ਦੇ ਜਾ ਰਮਜ਼ ਅਸਾਨੂੰ,
ਜੀਵਨ ਦੇ ਪਰਵਾਹ ਨੂੰ ਛੱਡ ਕੇ, ਬਹਿਣਾ ਵੀ ਹੈ ਮੁਸ਼ਕਿਲ ।

—– 16 —–

ਥੋੜਾਂ ਨੇ ਇਸ ਜੀਵਨ ਤਾਈਂ, ਡਾਢਾ ਹੈ ਤੜਪਾਇਆ ।
ਲੋੜਾਂ ਨੇ ਇਸ ਜੀਵਨ ਤਾਈਂ, ਡਾਢਾ ਹੈ ਤੜਪਾਇਆ ।
ਜੀਵਨ ਸਾਡਾ ਬਹੁਤ ਹੀ ਬਿਖੜਾ, ਹਰ ਥਾਂ ਔਖ ਡਰਾਵੇ,
ਮੋੜਾਂ ਨੇ ਇਸ ਜੀਵਨ ਤਾਈਂ ਡਾਢਾ ਹੈ ਤੜਪਾਇਆ ।

— 17 —

ਜੋੜ ਤੋੜ ਵਿੱਚ ਹਰ ਇੱਕ ਬੰਦਾ, ਆਪਣੇ ਦਾਅ 'ਤੇ ਰਹਿੰਦਾ ।
ਬੜੀ ਸਿਆਣਪ ਤੇ ਚਤਰਾਈ ਕਰਦਾ, ਫੂੱਲ ਫੂੱਲ ਹੈ ਬਹਿੰਦਾ ।
ਆਪਣੇ ਤੋਂ ਜੇ ਤੱਕੜਾ ਮਿਲ ਜਾਏ, ਫਿਰ ਇਹ ਕੰਨ ਨਾ ਚੁੱਕੇ,
ਜੋ ਵੀ ਹੋਵੇ ਔਖ ਸੌਖ ਵਿੱਚ, ਮੱਕਰਾ ਬਣ ਕੇ ਸਹਿੰਦਾ ।

— 18 —

ਅੱਜ ਧਰਮ ਦੇ ਨਾਂ ਦੇ ਉੱਤੇ, ਹੁੰਦੇ ਜ਼ੁਲਮ ਅਨੇਕਾਂ ।
ਵੱਡਿਆਈ ਵੱਡਿਆਈ ਚਾਹੁੰਦੇ, ਕੁਰਸੀ ਖ਼ਾਤਰ ਵੇਖਾਂ ।
ਜਦੋਂ ਕੋਈ ਆਫ਼ਤ ਟੁੱਟ ਪੈਂਦੀ, ਫਿਰ ਇਹ ਹਾਰ ਕੇ ਕਹਿੰਦਾ;
ਛੱਡੋ ਪਰੇ, ਇਹ ਹੋਣੀ ਹੈਸੀ, ਲਿਖਿਆ ਸੀ ਵਿੱਚ ਲੇਖਾਂ ।



Sri Satguru Jagjit Singh Ji eLibrary NamdhariElibrary@gmail.com

— 19 —

ਤੀਰਥ ਉੱਤੇ ਜਾ ਕੇ ਵੀ ਜੇ, ਮਨ ਇਹ, ਸ਼ਾਂਤ ਨਾ ਹੋਵੇ।
ਚੰਗੇ ਥਾਂ 'ਤੇ ਬਹਿ ਕੇ ਵੀ ਜੇ, ਨਿੱਤ ਦਾ ਦੁੱਖੜਾ ਰੋਵੇ।
ਕੀ ਫ਼ਾਇਦਾ ਹੈ, ਦੋਸਤ ਮੇਰੇ, ਐਵੇਂ ਸਮਾਂ ਗੰਵਾਈਏ,
ਆਪਣੇ ਘਰ ਵਿੱਚ ਬਹਿ ਕੇ ਕਿਉਂ ਨਾ ਜੀਵਨ ਢੋਣਾ ਢੋਵੇ।

—20—

ਬੀਤ ਰਿਹਾ ਹੈ ਸਮਾ ਅਸਾਡਾ, ਐਧਰ ਓਧਰ ਜਾ ਕੇ।
ਤੁਰਦੇ ਫ਼ਿਰਦੇ ਭੱਟਕਣ ਅੰਦਰ, ਫ਼ਿਕਰਾਂ ਤੇ ਗ਼ਮ ਖਾ ਕੇ।
ਕੀ ਏਦਾਂ ਹੀ ਬੀਤ ਜਾਏਗੀ ? ਉਮਰ ਨਿਮਾਣੀ ਸਾਡੀ,
ਇਸ ਜਿੰਦੜੀ ਨੇ ਕੱਟ ਲੱਏ ਨੇ, ਬਹੁਤ ਭਿਆਨਕ ਫਾਕੇ।

—21—

ਬਹੁਤੇ ਲਾ-ਪਰਵਾਹ ਲੋਕਾਂ ਦੇ, ਘੁੱਗੀ ਹੱਥ ਵਿੱਚ ਆਈ।
ਘੁੱਗੀ ਘੂੰ ਘੂੰ ਕਰਨਾ ਭੁੱਲੀ, ਦੇਵੇ ਰਾਮ ਦੁਹਾਈ।
ਇਸ ਘੁੱਗੀ ਨੂੰ ਕੌਣ ਵਰਾਵੇ ? ਘੁੱਗੂ ਲੋਕ ਨਿਮਾਣੇ,
ਫਸਿਆ ਤੋਂ ਫੱਟਕਣ ਨਾ ਹੋਵੇ, ਏਸੇ ਵਿੱਚ ਭਲਾਈ।

—22—

ਅੱਜ ਦੁਬਿਧਾ ਦਾ ਜੀਵਨ ਬਣਿਆਂ ਇੱਕ ਪਾਸਾ ਨਾ ਹੋਵੇ।
ਨਾ ਪਿੱਛਾ, ਨਾ ਅੱਗਾ ਸੁਝੇ, ਮਨ ਹੀ ਮਨ ਵਿੱਚ ਰੋਵੇ।
ਇਸ ਦੁਬਿਧਾ ਵਿੱਚ ਮਨ ਦੀ ਇੱਛਾ, ਭੱਟਕ ਰਹੀ ਦਿਨ ਰਾਤੀਂ,
ਕੋਈ ਸੂਰਮਾ ਇਸ ਕਾਲਖ ਨੂੰ, ਆਪਣੇ ਹੱਥੀਂ ਧੋਵੇ।

—23—

ਕਈ ਵਾਰ ਤਾਂ ਇਉਂ ਜੀਅ ਕਰਦੈ, ਮਾਰ ਉਡਾਰੀ ਜਾਈਏ।
ਕਿਤੇ ਵਸੇਬਾ ਹੋਰ ਜਾ ਕਰੀਏ, ਮੁੜ ਕੇ ਮੂਲ ਨਾ ਆਈਏ।
ਹੋਰਸ ਥਾਂ ਕੀ ਹੋਰ ਖ਼ੁਦਾ ਹੈ ? ਫਿਰ ਇਹ ਮਨੂੰਆ ਆਖੇ,
ਸੋਚ ਸੋਚ ਕੇ ਫੇਰ ਆਪਣੇ, ਘਰ ਵਿੱਚ ਸ਼ੁਕਰ ਮਨਾਈਏ।



Sri Satguru Jagjit Singh Ji eLibrary NamdhariElibrary@gmail.com

—24—

ਰੋਜ਼ ਪੜ੍ਹੋ ਅਖ਼ਬਾਰਾਂ ਅੰਦਰ, ਸਾੜ ਫੂਕ ਦੀਆਂ ਗੱਲਾਂ।
ਰਿਸ਼ਵਤਖੋਰੀ, ਚੋਰ ਬਾਜ਼ਾਰੀ, ਮਹਿੰਗਾਈ ਦੀਆਂ ਛੱਲਾਂ।
ਗੋਲੀ, ਬੰਬ, ਗੰਡਾਸੇ, ਬਰਛੇ, ਆਪਸ ਵਿੱਚ ਟਕਰਾਏ,
ਕਿਸ ਦੇ ਹੱਥੀਂ ਆਪਣਿਆਂ ਨੂੰ, ਪਿਆਰ ਸੁਨੇਹੇ ਘੱਲਾਂ।

—25—

ਕਾਗ ਵਿਚਾਰਾ ਕੀ ਸਮਝੇ ? ਪਈ ਚੂਰੀ ਕਿਉਂ ਨਹੀਂ ਮਿਲਦੀ ?
ਉਸ ਦੀ ਕਾਂ ਕਾਂ ਸੁਣ ਕੇ, ਘਰ ਵਿੱਚ ਰੂਹ ਦੀ ਕਲੀ ਨਾ ਖਿਲਦੀ।
ਇਸ 'ਪੰਛੀ' ਨੂੰ ਕੌਣ ਸਮਝਾਵੇ, ਰੋਜ਼ ਰੋਜ਼ ਕੀ ਹੋਵੇ ?
ਜਿਸ ਦਾ ਮਾਹੀ ਖਾ ਲਿਆ ਕਾਵਾਂ, ਕੌਣ ਸੁਣੇ ਉਸ ਦਿੱਲ ਦੀ ?

—26—

ਨੈਣਾਂ ਦੇ ਖੁਮਾਰਾਂ ਨੂੰ ਬਹੁਤ ਵੇਖ ਲਿਆ।
ਹੁਸੀਨਾਂ ਦੀਆਂ ਨੁਹਾਰਾਂ ਨੂੰ ਬਹੁਤ ਵੇਖ ਲਿਆ।
ਅੰਗਾਂ ਨੂੰ ਮਾਨਣ ਲਈ ਭਰਦੇ ਨੇ ਜਿੱਸਕੀਆਂ,
ਦੁਨੀਆਂ ਦੇ ਪਿਆਰਾਂ ਨੂੰ ਬਹੁਤ ਵੇਖ ਲਿਆ।

—27—

ਨਾਗਾਂ ਨਾਲ ਸੋਹਲੇ ਦੀਆਂ ਸ਼ਰਤਾਂ, ਨੀਲੀ ਅੱਖ ਮਸਤਾਨੀ।
ਬੁਲ੍ਹੀਆਂ ਪਲਮਣ ਸੋਹਲ ਪੱਤੀਆਂ, ਨੱਕ ਜਿਉਂ ਧਾਰ ਭਵਾਨੀ।
ਤੋਰਾਂ ਵਿੱਚ ਮੋਰਾਂ ਨੂੰ ਸੈਨਤ, ਗਰਦਨ, ਲੱਕ, ਲੱਚਕੋਰੇ,
ਰੰਗ ਸ਼ਰਬਤੀ ਲਪਟਾਂ ਮਾਰੇ, ਕੀ ਇਹ ਹੁਸਨ ਨਿਸ਼ਾਨੀ ?

—28—

ਇਸ਼ਕ ਦੁਹਾਈ ਸੁਣ ਵੇ ਲੋਕਾ, ਹੁਸਨ ਗੁਣਾਂ 'ਚੋਂ ਛਲਕੇ।
ਹੁਸਨ ਬੈਰੂਨੀ ਵਨਜਣ ਵਾਲੇ, ਰਲ ਨਾ ਬੈਠਣ ਭਲਕੇ।
ਹਰ ਚਮਕੀਲੀ ਸ਼ੈਅ ਦੁਨੀਆਂ ਦੀ, ਜੇ ਕਰ ਹੀਰਾ ਹੁੰਦੀ,
ਕਦੇ ਨਾ ਮਜਨੂੰ ਲੈਲਾ ਵਿਚੋਂ, ਤੱਕਦਾ ਰੱਬੀ ਝਲਕੇ।



Sri Satguru Jagjit Singh Ji eLibrary NamdhariElibrary@gmail.com

— 29 —

ਹੁਸਨ, ਇਸ਼ਕ ਦਾ ਸਾਥੀ ਲੱਭੋ, ਦੋਵੇਂ ਜੀਂਦੇ ਸਾਹੀਂ ।
ਵਿਕਦੇ ਵਿੱਚ ਬਜ਼ਾਰੀਂ ਵੇਖਾ, ਸੀਨਿਉਂ ਨਿਕਲਣ ਆਹੀਂ ।
ਵਿਹਲੜਪਨ ਤੇ ਸੀਨਾ-ਜ਼ੋਰੀ, ਜਾਂ ਮਜਬੂਰੀ ਕਾਰਨ,
ਚਾਰ ਪਲਾਂ ਦੇ ਸੁਪਨੇ ਲੈ ਕੇ, ਰੋਂਦੇ ਵੇਖਾ ਧਾਹੀਂ ।

— 30 —

ਜੋਬਨ, ਹੁਸਨ, ਜੁਆਨੀ, ਮਸਤੀ, ਹਰ ਕੋਈ ਚੱਖਣਾ ਚਾਹੇ ।
ਖੁਲ੍ਹ-ਖੁਲੰਦੜੇ ਵਿਹੜੇ ਦੇ ਵਿੱਚ, ਹਰ ਕੋਈ ਵੱਸਣਾ ਚਾਹੇ ।
ਪ੍ਰੇਮ ਨਗਰ ਦੇ ਵਾਸੀ ਆਪੂੰ, ਵੇਖੇ ਇਸ ਤੋਂ ਕੋਰੇ,
ਪਿਆਰ ਤਣਾਵਾਂ ਸੁੰਦਰਤਾ ਨੂੰ ਹਰ ਕੋਈ ਕੱਸਣਾ ਚਾਹੇ ।

— 31 —

ਅਲਬੇਲੀ ਇਹ ਮਸਤ ਜੁਆਨੀ, ਸਦਾ ਨਾ ਜੱਗ ਤੇ ਰਹਿਣੀ ।
ਭਾਂਡਾ ਇਸ ਦਾ ਫੁੱਟ ਜਾਵੇਗਾ, ਚੋਟ ਨਾ ਇਸ ਨੇ ਸਹਿਣੀ ।
ਵਾਂਗ ਪਤਾਸੇ ਘੁਲ ਜਾਣਗੀਆਂ, ਜੱਗ ਸਾਗਰ ਦੀਆਂ ਲਹਿਰਾਂ,
ਜੀਵਨ ਇੱਕ ਅਨਮੋਲ ਵਸਤ ਹੈ, ਬਹਿ ਲੈ ਸੰਗਤ ਬਹਿਣੀ ।

— 32 —

ਕਲਰਾਂ ਦੇ ਵਿੱਚ ਫੁੱਲ ਨਾ ਉਗਦੇ, ਕਹਿੰਦੇ ਲੋਕ ਸਿਆਣੇ ।
ਬੀਜ ਦੇਈਏ ਕੀ ਉਹਨੀਂ ਖੇਤੀਂ, ਭੁੱਜਦੇ ਜਿੱਥੇ ਦਾਣੇ ।
ਇਸ ਕਲੇਰੀ ਧਰਤੀ ਅੰਦਰ, ਪ੍ਰੇਮ ਖਾਦ ਜੇ ਪਾਈਏ,
ਪਿਆਰ ਸ਼ਬਦ ਦੀ ਬੀਜੋ ਖੇਤੀ, ਵੇਖੋ ਫੁੱਟਦੇ ਟਾਹਣੇ !

— 33 —

ਕੁਝ ਵੀ ਤੇਰਾ ਚੁੱਕਿਆ ਨਾਹੀਂ, ਨਾ ਚੋਰੀ ਦੀ ਆਦਤ ।
ਸਾਜਨਹਾਰੇ ਕਿਰਤ ਜੋ ਕੀਤੀ, ਤਾਰਾਂ ਉਸ ਦੀ ਲਾਗਤ ।
ਮੇਰੇ 'ਤੇ ਜਾਦੂ ਨਹੀਂ ਚੱਲਣਾ, ਮੈਂ ਸਿਰ ਹੱਥ ਇਲਾਹੀ,
ਵਸਦੈ ਮਾਹੀ ਤੇਰੇ ਅੰਦਰ, ਉਸ ਦੀ ਕਰਾਂ ਇਬਾਦਤ ।



Sri Satguru Jagjit Singh Ji eLibrary NamdhariElibrary@gmail.com

— 34 —

ਹਾਸਿਆਂ ਦਾ ਸ਼ਬਦ ਇਸ ਤਕਦੀਰ ਅੰਦਰ ਹੈ ਨਹੀਂ ।
ਰੋਣ ਦੀ ਤਾਸੀਰ ਇਸ ਤਸਵੀਰ ਅੰਦਰ ਹੈ ਨਹੀਂ ।
ਹੌਕਿਆਂ ਤੇ ਹਾਵਿਆਂ ਤੋਂ ਵਿਹਲ ਮੈਨੂੰ ਨਾ ਮਿਲੀ
ਸ਼ਿਕਵਿਆਂ ਦੀ ਹੋਂਦ ਇਸ ਦਿਲਗੀਰ ਅੰਦਰ ਹੈ ਨਹੀਂ ।

— 35 —

ਇਸ਼ਕ ਦੀ ਦੁਨੀਆਂ 'ਚ ਬੇ-ਦਿਲ ਕਿਉਂ ਰਹਾਂ ?
ਪਿਆਰ ਦੀ ਦੁਨੀਆਂ 'ਚ ਚੰਚਲ ਕਿਉਂ ਰਹਾਂ ?
ਮਸਤੀਆਂ ਵਿੱਚ ਮਾਣ ਜੀਵਨ ਚਾਰ ਦਿਨ ?
ਅਮਨ ਦਾ ਚਾਹਵਾਨ ਹੱਲ ਚੱਲ ਕਿਉਂ ਰਹਾਂ ?

— 36 —

ਹਰ ਗ਼ਮੀ ਦੀ ਲੱਟਕ ਹੀ ਤਾਂ ਖ਼ੁਸ਼ੀ ਦਾ ਆਗਾਜ਼ ਹੈ ।
ਜ਼ਾਲਮਾਨਾ ਸੋਚ ਅੰਦਰ, ਉੱਡਣ ਦੀ ਪਰਵਾਜ਼ ਹੈ ।
ਜ਼ਿੰਦਗੀ ਨੂੰ ਜੀਣ ਖ਼ਾਤਰ ਲੋੜ ਹੈ ਇੱਕ ਰਮਜ਼ ਦੀ,
ਪਿਆਰ ਦਾ ਸੰਗੀਤ ਜਾਗੇ, ਜ਼ਿੰਦਗੀ ਇੱਕ ਸਾਜ਼ ਹੈ ।

— 37 —

ਜ਼ਿੰਦਗੀ ਦਾ ਸਾਜ਼ ਵਿਲਕੇ, ਵੇਦਨਾ ਪੁਰ-ਸਜ਼ ਹੈ,
ਨਿੱਤ ਨਵੇਲਾ ਦਰਦ ਜਾਗੇ, ਕਲਪਣਾ ਹਰ ਰੋਜ਼ ਹੈ ।
ਐਸ਼ ਦਾ ਜੀਵਨ ਬਿਤਾਣਾ, ਹਰ ਬਸ਼ਰ ਦੀ ਲੋੜ ਹੈ,
ਇਸ ਤਮੰਨਾ ਪੂਰਤੀ ਲਈ, ਨਿੱਤ ਨਵੇਲੀ ਖੋਜ ਹੈ ।

— 38 —

ਜੋ ਜੀਵਨ ਸੀ ਕਲਪਿਆ ਮੇਰਾ, ਨਾ ਪੂਰਾ, ਨਾ ਸੱਖਣਾ ।
ਕਿਸਮਤ ਘੜਨੀ ਆਪ ਆਪਣੀ, ਕੀ ਹੱਕ ਪਰਾਇਆ ਤੱਕਣਾ ।
ਜੋਬਨ ਜਾਂਦੇ ਡਰ ਨਹੀਂ ਲੱਗਦਾ, ਵਿਛੜ ਗਿਆਂ ਦੁੱਖ ਭਾਰੀ,
ਟੁਰਦੇ ਟੁਰਦੇ ਕਹਿ ਗਏ ਮਾਹੀ, 'ਦਰਦ ਸਾਂਭ ਕੇ ਰੱਖਣਾ' ।



Sri Satguru Jagjit Singh Ji eLibrary NamdhariElibrary@gmail.com

— 39 —

ਉਹ ਨਹੀਂ, ਦਿਸਦਾ ਹੈ, ਸਾਰੇ ਕੋਲ ਨੇ।
ਧਰਤੀ ਅੰਬਰ, ਚੰਦ ਤਾਰੇ ਕੋਲ ਨੇ।
ਓਸ ਦੀ ਇਸ ਦੇਣ ਤੋਂ ਕਿਉਂ ਮੁੱਕਰਾਂ ?
ਓਸ ਨੇ ਲਾਏ ਜੋ ਲਾਰੇ ਕੋਲ ਨੇ।

— 40 —

ਖ਼ਬਰ ਨਹੀਂ ਕਿਉਂ ਮਨ ਮਿਰਾ ਅਸ਼ਾਂਤ ਹੁੰਦਾ ਜਾ ਰਿਹਾ ?
ਐ ਖ਼ੁਦਾਇਆ, ਕੀ ਤੇਰਾ, ਵਰਤਾਤ ਹੁੰਦਾ ਜਾ ਰਿਹਾ ?
ਹੋ ਰਿਹੈ ਮਹਿਸੂਸ ਮੈਨੂੰ, ਆਸ ਮੇਰੀ, ਇਸ ਤਰ੍ਹਾਂ,
ਜਿਸ ਤਰ੍ਹਾਂ ਮਨ-ਸੱਧਰ ਦਾ, ਦਿਹਾਂਤ ਹੁੰਦਾ ਜਾ ਰਿਹਾ।

— 41 —

ਇਸ ਤਰ੍ਹਾਂ, ਤੇਰਾ ਅਸਾਥੋਂ ਦੂਰ ਜਾਣਾ ਠੀਕ ਨਹੀਂ।
ਦੋ ਪਿਆਸੀ ਅੱਖੀਆਂ ਨੂੰ ਇਉਂ ਰੁਆਣਾ ਠੀਕ ਨਹੀਂ।
ਜ਼ਿੰਦਗੀ ਬਰਬਾਦ ਮੇਰੀ ਹੋ ਗਈ, ਕੀ ਹੋ ਗਿਆ ?
ਹੁਣ ਤੇਰੇ ਕੂੜ ਲਾਰਿਆਂ 'ਤੇ ਜੀਅ ਬਹਿਲਾਣਾ ਠੀਕ ਨਹੀਂ।

— 42 —

ਗ਼ਮ ਬੜੇ ਨੇ ਹਿੱਕੜੀ ਵਿੱਚ ਕੀ ਕਹਾਂ ਕੁਝ ਬੋਲ ਕ ?
ਗ਼ਮ ਨੇ ਭਾਰੇ, ਨਾਲ ਖੁਸ਼ੀਆਂ ਵੇਖ ਲਏ ਮੈਂ ਤੋਲ ਕੇ।
ਗ਼ਮਾਂ ਨੇ ਤਾਮੀਰ ਕੀਤੀ ਹੈ, ਮਿਰੀ ਇਹ ਜ਼ਿੰਦਗੀ।
ਕੀ ਗ਼ਮੀ ਤੂਫ਼ਾਨ ਆਇਆ, ਜਿੰਦ ਸੁੱਟੀ ਰੋਲ ਕੇ।

— 43 —

ਅਸਮਾਨਾਂ ਵਿੱਚ ਤਿੰਗੜ ਵੇਖੇ, ਚੰਨ ਵੀ ਪਿਆਰਾ ਦੱਗਦਾ।
ਅਰਸ਼ਾਂ ਦਾ ਰੰਗ ਨੀਲਾ ਨੀਲਾ, ਕਿੰਨਾ ਸੋਹਣਾ ਫੱਬਦਾ।
ਤਾਰੇ ਨਿੰਮਾ ਨੂਰ ਵਸਾਵਣ, ਕੁਦਰਤ ਵੀ ਮਹਿਕਾਏ,
ਮਨ-ਵਾਸੀ ਅਲਬੇਲੇ ਬਾਝੋਂ, ਭੋਰਾ ਜੀਅ ਨਹੀਂ ਲੱਗਦਾ।



Sri Satguru Jagjit Singh Ji eLibrary NamdhariElibrary@gmail.com

— 44 —

ਮੈਂ ਤੁਹਾਡਾ ਨਾਮ ਲੈ ਲੈ ਕੇ, ਬਥੇਰਾ ਜੀਅ ਲਵਾਂ।
ਜੋ ਤੁਹਾਡੇ ਵਾਸਤੇ ਹੋਵਣ, ਮੈਂ ਚੀਸਾਂ ਪੀ ਲਵਾਂ।
ਜ਼ਬਤ ਮੈਂ ਕਰਦਾ ਹਾਂ, ਤਾਂ ਕਲੇਜਾ ਝੁੱਲਸਦਾ,
ਕਿ ਬੜੇ ਗ਼ਮਖਾਰ ਬੰਦੇ ਹੋ, ਤੁਹਾਨੂੰ ਕੀ ਕਵਾਂ ?

— 45 —

ਅੱਜ ਤੁਹਾਨੂੰ ਵੇਖ ਕੇ, ਕੁਝ ਜੀਣ ਜੋਗਾ ਹੋ ਗਿਆਂ।
ਸਮਝ ਨਾ ਆਈ ਕਿ ਤੇਰੇ ਪਿਆਰ ਅੰਦਰ ਖੋ ਗਿਆਂ।
ਇਹ ਤਾਂ ਸ਼ਿਕਵਾ ਗਲਤ ਹੈ ਕਿ ਮੈਂ ਤੁਹਾਨੂੰ ਭੁੱਲ ਗਿਆਂ,
ਏਸ ਲਈ ਝੋਲੀ 'ਚ ਤੇਰੇ, ਚਾਰ ਹੰਝੂ ਚੋਅ ਗਿਆਂ।

— 46 —

ਜੱਗਤ ਦਾ ਕੋਝਾ ਰਵੱਈਆ ਵੇਖ ਕੇ ਮੈਂ ਝੁਰ ਰਿਹਾਂ।
ਜੱਗਤ ਦੇ ਸਾਗਰ 'ਚ ਪਗਲੀ, ਲੂਣ ਵਾਂਗੂੰ ਖੁਰ ਰਿਹਾਂ।
ਚੁੱਪ ਹਾਂ, ਕਿ ਖੁਰਨ ਵਾਲੇ, ਚੁੱਪ ਰਹਿੰਦੇ ਨੇ ਸਦਾ,
ਨਿੱਤ ਨਵੇਲਾ ਜੋਸ਼ ਲੈ ਕੇ, ਮੰਜ਼ਿਲਾਂ ਵੱਲ ਤੁਰ ਰਿਹਾਂ।

— 47 —

ਕਾਲਖਾਂ ਨੂੰ ਧੋਣ ਖਾਤਰ, ਲੋੜ ਨਿਰਮਲ ਹੋਣ ਦੀ।
ਸਹਿਮਦੀ ਕਾਇਨਾਤ ਖ਼ਾਤਰ, ਚਾਰ ਹੰਝੂ ਚੋਣ ਦੀ।
ਪਿਆਰ ਦੀ ਖ਼ਾਤਰ ਬਥੇਰੇ ਲੋਕ ਜਾਨਾਂ ਵਾਰਦੇ,
ਲੋੜ ਹੈ ਦੁੱਖੀਆਂ ਦੀ ਖ਼ਾਤਰ, ਅੱਜ ਢੋਣੇ ਢੋਣ ਦੀ।

— 48 —

ਅੱਲ੍ਹਾ ਸਾਰੇ ਜੱਗ ਦੀ ਧੜਕਣ, ਸਾਰੇ ਜੱਗ ਦੀ ਜੋਤ ਖ਼ੁਦਾ।
ਲੋਕੀਂ ਐਵੇਂ ਆਖੀ ਜਾਵਣ, ਰੱਬ ਦੂਰ ਤੇ ਰਾਮ ਜੁਦਾ।
ਕਿਸੇ ਇਲਾਹੀ ਜੋਤ ਦੇ ਬਾਝੋਂ, ਇਸ ਨੂੰ ਪਾਉਣਾ ਔਖਾ,
ਉਹ ਵੀ ਇਕੋ ਸੂਰਤ ਦੇ ਉੱਤੇ, ਕਰਨਾ ਪੈਂਦਾ ਸੀਸ ਫਿਦਾ।



Sri Satguru Jagjit Singh Ji eLibrary NamdhariElibrary@gmail.com

— 49 —

ਸੱਜਣਾਂ ਨੂੰ ਹੱਥ ਦੇ, ਪਿਛਾਂਹ ਨਹੀਂ ਕਰੀਦਾ,
ਦੁਸ਼ਮਣ ਦਾ ਬਿਲਕੁਲ, ਵਸਾਹ ਨਹੀਂ ਕਰੀਦਾ।
ਜੇ ਦੋ ਦਿੱਲ ਮਿਲਾਵਣ ਦੀ ਤਾਕਤ ਨਹੀਂ ਹੈ,
ਤਾਂ ਮਿਲਿਆਂ ਨੂੰ ਪਗਲੇ ਜੁਦਾ ਨਹੀਂ ਕਰੀਦਾ।

— 50 —

ਪਿਆਰਿਆਂ ਦੇ ਨਾਂ ਦੀ, ਫੜ ਕੇ ਡੋਰ, ਵੱਧਦਾ ਹੀ ਗਿਆ,
ਆਪਣੇ ਗ਼ਮਖਾਰ ਉਪਰ, ਜ਼ੋਰ ਵੱਧਦਾ ਹੀ ਗਿਆ।
ਆਖਦੇ ਜ਼ਰਦਾਰ ਦੌਲਤ ਨਾ ਵੰਡੋ, ਘੱਟ ਜਾਏਗੀ,
ਪਿਆਰ ਵੰਡਿਆ ਬਹੁਤ ਹੈ, ਪਰ ਹੋਰ ਵੱਧਦਾ ਹੀ ਗਿਆ।

— 51 —

ਮਨ ਮੇਰੇ ਦੀ ਕੋਮਲ ਨਗਰੀ, ਗ਼ਮ ਕਿਉਂ ਇਸ 'ਤੇ ਛਾਇਆ ?
ਸਭ ਸੱਧਰਾਂ ਦਾ ਖ਼ੂਨ ਹੋ ਗਿਆ, ਜ਼ਾਲਮ ਵਾਰ ਚਲਾਇਆ।
ਇਉਂ ਜਾਪੇ ਬੱਸ ਇਹੋ ਜੀਵਨ, ਢਹਿਣਾ ਤੇ ਬਣ ਜਾਣਾ,
ਮਾਰ ਤਮਾਂਚਾ ਮਨ ਮੂਰਖ ਨੂੰ, ਏਦਾਂ ਮੈਂ ਸਮਝਾਇਆ।

— 52 —

ਦੋ ਪੰਛੀ ਇੱਕ ਡਾਲ ਤੇ ਬੈਠੇ, ਵਿਛੜ ਗਏ ਦੁੱਖ ਹੋਇਆ,
ਬਹੁਤ ਦੂਰ ਦੁਨੀਆਂ ਤੋਂ ਉਹਲੇ, ਮਨ ਹੀ ਮਨ ਵਿੱਚ ਰੋਇਆ।
ਆਖਰ ਇਹ ਦਸਤੂਰ ਜੱਗਤ ਦਾ, ਇਸੇ ਤਰ੍ਹਾਂ ਹੀ ਹੁੰਦੈ,
ਪਾਗ਼ਲ ਮਨੂਏਂ ਕੀ ਬਣਿਆਂ, ਕਿਉਂ ਖ਼ੂਨ ਜਿਗਰ ਦਾ ਚੋਇਆ।

— 53 —

ਮੇਰੀ ਹਰ ਸੱਧਰ ਨੂੰ ਲੋਕਾਂ, ਬੁਰੀ ਤਰ੍ਹਾਂ ਠੁਕਰਾਇਆ।
ਮੈਂ ਜੋ ਸ਼ੁਭ ਇਛਾਵਾਂ ਲੈ ਕੇ, ਮੰਜ਼ਿਲ ਵੱਲ ਨੂੰ ਧਾਇਆ।
ਦਗ਼ਾ, ਫ਼ਰੇਬ ਤੇ ਛਲ-ਕਪਟ ਤੋਂ, ਵਾਂਝਾ ਜੀਵਨ ਕਾਹਦਾ ?
ਅੱਜ ਕੱਲ ਦੇ ਇੱਕ ਦੇਸ਼ ਭਗਤ, ਮੈਨੂੰ ਇਉਂ ਸਮਝਾਇਆ।



Sri Satguru Jagjit Singh Ji eLibrary NamdhariElibrary@gmail.com

— 54 —

ਜੀਵਨ ਦੀ ਹਰ ਮਹਿਫ਼ਲ ਮੈਨੂੰ ਉਜੜੀ ਉਜੜੀ ਲੱਗਦੀ।
ਐਪਰ ਨਦੀ ਵਿਯੋਗਾਂ ਵਾਲੀ, ਛੱਲਾਂ ਮਾਰ ਕੇ ਵੱਗਦੀ।
ਪਰਬਤ ਨੂੰ ਟੱਕਰ ਲਾ ਲੈਂਦੇ, ਪਿਆਰ ਵਿਹਾਜਣ ਵਾਲੇ,
ਖ਼ੂਨ ਜਿਗਰ ਦਾ ਪਾ ਕੇ 'ਪੰਛੀ', ਪ੍ਰੇਮ ਜੋਤ ਹੈ ਜੱਗਦੀ।

— 55 —

ਪ੍ਰੀਤ ਨਿਭਾਣੀ ਭਾਵੇਂ ਮੁਸ਼ਕਲ, ਫਿਰ ਵੀ ਪ੍ਰੇਮੀ ਕਰਦੇ।
ਇਹ ਤਾਂ ਵੱਖਰਾ ਜੱਗਤ, ਜੱਗਤ ਤੋਂ, ਇਹ ਨਾ ਭੁੱਖੇ ਜ਼ਰ ਦੇ।
ਜੇ ਕਰ ਇਕੋ ਲੋਚ ਇਨ੍ਹਾਂ ਦੀ, ਦਰਸ਼ ਦੀ ਪੂਰੀ ਹੋਵੇ,
ਹਰ ਔਕੜ, ਹਰ ਮੁਸ਼ਕਲ ਤਾਈਂ, ਹੱਸਦੇ ਹੱਸਦੇ ਜਰਦੇ।

— 56 —

ਰੋਜ਼ ਰਵੀ ਦੀਆਂ ਕੋਸੀਆਂ ਕਿਰਨਾਂ, ਪੂਰਬ ਵਲੋਂ ਆਵਣ।
ਕੁਦਰਤ ਦੀ ਹਰ ਵਾਦੀ ਅੰਦਰ, ਨਿੱਘਾ ਜੀਵਨ ਪਾਵਣ।
ਐਪਰ ਅੱਜ ਦੇ ਮਨੁੱਖਾਂ ਨੂੰ, ਵੇਖ ਵੇਖ ਕੇ ਝੂਰਾਂ,
ਪਾ ਕੇ ਰਿਸ਼ਮਾਂ ਓਸ ਰਵੀ ਤੋਂ ਬਣਦੇ ਜਾਂਦੇ ਰਾਵਣ।

— 57 —

ਕਿਉਂ ਚੰਦਾ ਦੀ ਨਿੱਖਰੀ ਟੁਕੜੀ, ਕੋਝੀ ਕੋਝੀ ਜਾਪੇ ?
ਕੁਦਰਤ ਦੀ ਹਰ ਹੱਸਦੀ ਵਸਤੂ, ਰਾਗ ਹੰਡੋਲ ਅਲਾਪੇ।
ਆਖਰ ਮਨ ਕੁਰਲਾ ਉਠਿਆ, ਹਾਏ, ਯਾਰਾਂ ਨਾਲ ਬਹਾਰਾਂ,
ਬ੍ਰਿਹਾ ਮੰਜ਼ਿਲ ਬੜੀ ਲੰਬੇਰੀ, ਨਾਪ ਨਾ ਜਾਂਦੇ ਨਾਪੇ।

— 58 —

ਕੋਈ ਆਪੇ, ਜੋ ਆਪਣੇ ਹੁਸਨ 'ਤੇ ਮਗਰੂਰ ਹੋ ਜਾਂਦੈ।
ਇਹ ਸਦਮੇ ਦੇਖ ਕੇ, ਦਿੱਲ ਆਪਣਾ, ਨਾਸੂਰ ਹੋ ਜਾਂਦੈ।
ਕਿਸੇ ਦੀ ਜ਼ਾਤ ਦੇ ਉੱਤੇ, ਮੈਂ ਉੱਕਾ ਦੋਸ਼ ਨਹੀਂ ਲਾਂਦਾ,
ਕੋਈ ਜਦ ਅਣਖ ਨੂੰ ਟੁੰਬੇ, ਤਾਂ ਮਨ ਮਜਬੂਰ ਹੋ ਜਾਂਦੈ।



Sri Satguru Jagjit Singh Ji eLibrary NamdhariElibrary@gmail.com

— 59 —

ਜਦੋਂ ਮੈਂ ਚੁੱਪ ਕਰਦਾ ਹਾਂ, ਤਾਂ ਆਪਣੀ ਹੋਸ਼ ਤੋਂ ਪੁੱਛਦਾਂ।
ਕਹੇ ਜੋ ਬੋਲ ਲੋਕਾਂ ਦੇ, ਮੈਂ ਆਪਣੇ ਜੋਸ਼ ਤੋਂ ਪੁੱਛਦਾਂ।
ਮੇਰੀ ਤਕਦੀਰ ਦੀ ਦੇਵੀ, ਜ਼ਰਾ ਮੁਸਕਾਨ ਲੱਗਦੀ ਏ,
ਜਦੋਂ ਤਦਬੀਰ ਜੀਵਨ ਦੀ, ਕਿਸੇ ਮਦਹੋਸ਼ ਨੂੰ ਪੁੱਛਦਾਂ।

— 60 —

ਜਦੋਂ ਵੀ ਟੁੱਟਦੀ ਆਫ਼ਤ, ਬੜੇ ਹੀ ਯਾਦ ਆਂਦੇ ਹੋ।
ਜ਼ਰਾ ਜੇ ਅੱਖ ਲੱਗ ਜਾਵੇ, ਤਾਂ ਘੇਰਾ ਆਣ ਪਾਂਦੇ ਹੋ।
ਤੁਹਾਡੀ ਯਾਦ ਵੀ, ਏਦਾਂ ਹੀ, ਆਂਦੀ ਕਾਫ਼ਲਾ ਬਣ ਕੇ,
ਅਚਾਨਕ ਖੁਲ੍ਹਦੇ ਨੈਣ, ਜਾਂ ਥੋਹੜਾ ਮੁਸਕਰਾਂਦੇ ਹੋ।

— 61 —

ਜ਼ਰਾ ਹੀ ਪਲਕ ਖੁਲ੍ਹੀ ਤੋਂ, ਭਰੀ ਮਹਿਫ਼ਲ ਨੂੰ ਤੱਕਦਾ ਹਾਂ।
ਕਿਤੋਂ ਤੂੰ ਨਜ਼ਰ ਆ ਜਾਵੇਂ, ਬਥੇਰੀ ਤਾਕ ਰੱਖਦਾ ਹਾਂ।
ਮੇਰਾ ਵੀ ਹੌਸਲਾ ਵੇਖੋ, ਤੇ ਛੱਡੋ ਗੱਲ ਖ਼ਿਆਲਾਂ ਦੀ,
ਜ਼ਰਾ ਜੇ ਦਰਸ਼ ਦੇ ਜਾਵੋ, ਤਾਂ ਜੀਵਨ ਵਾਰ ਸਕਦਾ ਹਾਂ।

— 62 —

ਇਸ ਤਰ੍ਹਾਂ ਜਾਣਾ ਤੁਹਾਡਾ, ਆਤਮਾ ਨੂੰ ਗ਼ਮ ਰਹੂ।
ਥੋੜੀਆਂ ਯਾਦਾਂ 'ਚ ਸਾਡੀ, ਅੱਖ ਵੀ, ਪੁਰ-ਨਮ ਰਹੂ।
ਅਰਸ਼ ਦੇ ਨੈਣੋਂ, ਤਾਂ ਹੰਝੂ, ਪਹੁ-ਫੁਟਾਲੇ ਕਿਰਨਗੇ,
ਪਰ ਹਮੇਸ਼ਾ ਸਾਡੇ ਪਲਕੀਂ, ਯਾਦ ਦੀ ਸ਼ਬਨਮ ਰਹੂ।

— 63 —

ਬਹੁਤ ਚਿਰ ਤੋਂ, ਮਿੱਤਰਾਂ ਦੇ, ਗ਼ਮ ਨੇ ਸਾਨੂੰ ਮਾਰਿਆ।
ਲੱਟਕਦੀਆਂ ਜ਼ੁਲਫਾਂ ਦੇ, ਉਲਝੇ ਖ਼ਮ, ਨੇ ਸਾਨੂੰ ਮਾਰਿਆ।
ਕੀ ਗਿਲਾ ਕਰੀਏ ਕਿਸੇ ਤੇ, ਇਸ ਤਰ੍ਹਾਂ ਦੀ ਬਾਤ ਦਾ,
ਆਖੀਏ ਕੀ ਜੱਗਤ ਨੂੰ, ਹਮਦਮ ਨੇ ਸਾਨੂੰ ਮਾਰਿਆ?



Sri Satguru Jagjit Singh Ji eLibrary NamdhariElibrary@gmail.com

— 64 —

ਮਿੱਤਰਾਂ ਦੇ ਦਰਦ ਨੂੰ ਮੈਂ, ਆਪਣਾ ਕਰ ਕੇ ਜਾਣਿਆਂ।
ਹਾਰ ਵਿੱਚ ਜੋ ਦੁੱਖ ਹੈ, ਮੈਂ ਆਪ ਹਰ ਕੇ ਜਾਣਿਆਂ।
ਜ਼ਿੰਦਗੀ ਨੂੰ ਜੀਣ ਖ਼ਾਤਰ ਮਰਨ ਦੀ ਵੀ ਲੋੜ ਹੈ,
ਇਸ ਤਰ੍ਹਾਂ ਦੀ ਮੌਤ ਨੂੰ, ਮੈਂ ਆਪ ਮਰ ਕੇ ਜਾਣਿਆਂ।

— 65 —

ਇਸ ਤਰ੍ਹਾਂ ਤੇਰਾ ਅਸਾਥੋਂ, ਦੂਰ ਜਾਣਾ ਠੀਕ ਨਹੀਂ।
ਦੋ ਨਸ਼ੀਲੀ ਅੱਖੀਆਂ ਨੂੰ, ਇਉਂ ਰੁਆਣਾ ਠੀਕ ਨਹੀਂ।
ਵੱਕਤ ਦੀ ਗਰਦਸ਼ 'ਚੋਂ ਬੰਦਾ, ਸਮਝਦਾ ਹੈ ਗੱਲ ਨਵੀਂ,
ਸਬਰ ਵੀ ਇੱਕ ਬਾਤ ਹੈ, ਇਉਂ ਜੀਅ ਡੁਲਾਣਾ ਠੀਕ ਨਹੀਂ।

— 66 —

ਛਾਂਗ ਦਿੱਤਾ ਜਿੰਦ ਬੂਟਾ, ਸਮੇਂ ਦੀ ਤਲਵਾਰ ਨੇ।
ਵੇਖ ਲਏ ਮੈਂ ਪਰਖ ਸਾਰੇ, ਆਪਣੇ ਗਮਖਾਰ ਨੇ।
ਗੱਲ ਗੋਰੀ ਮੇਮ ਦੀ, ਹੈਸੀ ਕਹਾਣੀ ਓਪਰੀ,
ਹੁਣ ਤਾਂ ਸਾਨੂੰ ਮਾਰ ਦਿੱਤਾ, ਗੰਦਮੀ ਸਰਕਾਰ ਨੇ।

— 67 —

ਦੂਸਰੇ ਹੱਥਾਂ 'ਚੋਂ ਰੋਜ਼ੀ, ਝੱਪਟ ਲੈਣਾ ਪਾਪ ਹੈ।
ਖੜਕਦੀ ਵਿੱਚ ਬੁਜ਼ਦਿਲੀ ਦੀ, ਗੱਲ ਕਹਿਣਾ ਪਾਪ ਹੈ।
ਹੋ ਗਿਆ ਅਨੁਭਵ ਅਸਾਨੂੰ, ਹੁਣ ਸਮੇਂ ਦੀ ਬਾਤ ਦਾ,
ਜ਼ੁਲਮ ਕਰਨਾ ਪਾਪ ਜੇ, ਤਾਂ, ਜ਼ੁਲਮ ਸਹਿਣਾ ਪਾਪ ਹੈ।

— 68 —

ਦੂਸਰੇ 'ਤੇ ਬੇਸਬਬ, ਤੋਹਮਤ ਲਗਾਣਾ, ਠੀਕ ਨਹੀਂ।
ਦੂਸਰੇ ਨੂੰ ਦੁੱਖੀ ਤੱਕ ਕੇ, ਮੁਸਕਰਾਣਾ, ਠੀਕ ਨਹੀਂ।
ਜ਼ਿੰਦਗੀ ਇੱਕ ਸੱਚ ਹੈ, ਅਕਲਾਂ ਦੇ ਮਾਲਕ ਹਾਣੀਉ,
ਜੂਠ ਦਾ ਤੇ ਝੂਠ ਦਾ, ਜੀਵਨ ਬਿਤਾਣਾ ਠੀਕ ਨਹੀਂ।



Sri Satguru Jagjit Singh Ji eLibrary NamdhariElibrary@gmail.com

# ਕਵਿਤਾਵਾਂ

## ਹੰਝੂਆਂ ਭਰੇ ਨੈਣ

ਨੈਣਾਂ ਨੇ ਹੰਝੂ ਇਹ ਐਵੇਂ ਨਹੀਂ ਡੋਲ੍ਹੇ !
ਨੈਣਾਂ ਨੇ ਹੰਝੂ ਇਹ ਐਵੇਂ ਨਹੀਂ ਡੋਲ੍ਹੇ !!

ਔਹ ਵੇਖ ਧਰਤੀ ਅਕਾਸ਼ਾਂ ਨੂੰ ਚੁੰਮਦੀ,
ਸੂਰਜ ਨੂੰ 'ਛੁਪ ਜਾ' ਦਾ ਦੇ ਕੇ ਇਸ਼ਾਰਾ ।
ਤਾਰੇ ਪਏ ਮਿਲਣੀ 'ਤੇ ਮੁਸਕਾਨ ਵੰਡਦੇ,
ਭੰਨੀ ਹੋਈ ਦਰਦਾਂ ਦੀ ਮਿਲਿਆ ਪਿਆਰਾ ।
ਰਾਤਾਂ ਦੀ ਰਾਣੀ ਨੇ ਘੁੰਗਟ ਨੂੰ ਚਾਇਆ,
ਬ੍ਰਿਹੋਂ ਵਿਗੁਤੀ ਨੂੰ ਦਿੱਤਾ ਸਹਾਰਾ ।
ਪਹੁ-ਫੁਟੀ ਧਰਤੀ ਦੀ ਪਲਕਾਂ 'ਚ ਡੁਬ ਕੇ,
ਖਵਰੇ ਅਕਾਸ਼ਾ ਨੇ ਕੀ ਬੋਲ ਬੋਲੇ ?...

ਹਿੱਕੜੀ 'ਚ ਮੇਰੇ ਹੈ ਤੇਰਾ ਵਸੇਬਾ,
ਤੈਨੂੰ ਯਾਦ ਕਰਕੇ ਵੀਰਾਨੇ ਸਜਾਏ ।
ਦੂਰੀ 'ਚ ਰਹਿ ਕੇ ਸਮਾਏ ਨੇ ਭੱਟਕੇ,
ਪਿਆਰਾਂ ਦੇ ਲਾਂਬੂ ਬਥੇਰੇ ਬੁਝਾਏ ।
ਅੰਗਾਂ ਨੂੰ ਮਾਨਣ ਦੀ ਲੋਚਾ ਨਹੀਂ ਹੈ,
ਤੇਰੀਆਂ ਅਦਾਵਾਂ ਨੂੰ ਦੀਦੇ ਤਿਹਾਏ ।
ਸਿੱਸਕਣ ਅਦਾਵਾਂ ਮੈਂ ਤਕਣੀ 'ਚ ਵੇਖਾਂ,
ਵਾਟਾਂ ਨੂੰ ਤੱਕਾਂ ਪਏ ਅੱਖਾਂ 'ਚ ਫੋਲੇ...



Sri Satguru Jagjit Singh Ji eLibrary NamdhariElibrary@gmail.com

ਭੁੱਲ ਜਾਵਾਂ ਅਰਸ਼ਾਂ ਤੇ ਫ਼ਰਸ਼ਾਂ ਦੀ ਦੁਨੀਆਂ,
ਤੇਰਾ ਇਸ਼ਾਰਾ ਭੁਲਾਇਆ ਨਹੀਂ ਜਾਂਦਾ ।
ਤਿਊੜੀ ਪਾ ਵੇਖੇ ਸ਼ੁਦਾਈਆਂ ਦੀ ਦੁਨੀਆਂ,
ਅਰਸ਼ਾਂ ਦਾ ਤਾਰਾ ਲੁਕਾਇਆ ਨਹੀਂ ਜਾਂਦਾ ।
ਸੱਤਾਂ ਸਮੁੰਦਰਾ 'ਚ ਪਾਣੀ ਬੜਾ ਹੈ,
ਬ੍ਰਿਹੋਂ ਅੰਗਾਰਾ ਬੁਝਾਇਆ ਨਹੀਂ ਜਾਂਦਾ ।
ਭੱਟਕਣ ਮਿਲੀ ਹੈ ਤੇ ਭੱਟਕਣ ਹੀ ਪੱ-ਲੇ,
ਅੱਜ ਦੂਰ ਬੈਠੇ ਨੇ ਇਹ ਰਾਜ਼ ਖੋਲ੍ਹੇ ।

ਨੈਣਾਂ ਨੇ ਹੰਝੂ ਇਹ ਐਵੇਂ ਨਹੀਂ ਡੋਲ੍ਹੇ !
'ਪੰਛੀ' ਨੇ ਹੰਝੂ ਇਹ ਐਵੇਂ ਨਹੀਂ ਡੋਲ੍ਹੇ !!



Sri Satguru Jagjit Singh Ji eLibrary NamdhariElibrary@gmail.com

## ਕੁੱਝ ਹਾਲ ਨਹੀਂ ਹੈ ਝੱਲੇ ਦਾ

ਆਸਾਂ ਨਾਲ ਹੀ ਜੀਵੀਦੈ,
ਇਓਂ ਕੁੱਲ ਲੁਕਾਈ ਕਹਿੰਦੀ ਏ ।

ਇਸ ਜੱਗ 'ਤੇ ਜੀਵਨ ਜੀਣ ਲਈ.
ਦੁੱਖ ਕੋਮਲ ਜਿੰਦੜੀ ਸਹਿੰਦੀ ਏ ।

ਜਦੋਂ ਛੱਡਣਾ ਏਸ ਜਹਾਨ ਤਾਈਂ,
ਕਿਉਂ ਪਸਰ ਪਸਰ ਕੇ ਬਹਿੰਦੀ ਏ ?

ਕੀ ਆਖਾਂ ਵੇਗ ਜੁਆਨੀ ਦਾ,
ਇਹ ਅਣਖਹਿੰਦਿਆਂ ਸੰਗ ਖਹਿੰਦੀ ਏ ।

ਜੇ ਦਿੱਲ ਵਿੱਚ ਪਿਆਰ ਦੀ ਤੜਪ ਨਹੀਂ,
ਕੀ ਫ਼ਾਇਦਾ ਦਿੱਤੇ ਛੱਲੇ ਦਾ ?

ਉੱਡ 'ਪੰਛੀ' ਦੱਸਿਆ ਝੱਲੀ ਨੂੰ,
ਕੁੱਝ ਹਾਲ ਨਹੀਂ ਹੈ ਝੱਲੇ ਦਾ ।



Sri Satguru Jagjit Singh Ji eLibrary NamdhariElibrary@gmail.com

## ਜੇ ਤੇਰੇ ਕੋਲ ਈਮਾਨ ਨਹੀਂ

ਉਸ ਰੱਬ ਨੂੰ ਤਾਕਤ ਭਾਵੇ ਨਾ,
ਜੇ ਸੱਚ ਦੀ ਤੇਗ਼ ਮਿਆਨ ਨਹੀਂ ।

ਕੀ ਫਾਇਦਾ ਬਗਲ ਸਮਾਧੀ ਦਾ ?
ਜੇ ਰੱਬ ਦੇ ਨਾਲ ਧਿਆਨ ਨਹੀਂ ।

ਕੀ ਲੈਣਾ ਝੂਠੇ ਲੋਰਾਂ ਤੋਂ ?
ਜੇ ਪੀਤਾ ਸੱਚ ਦਾ ਜਾਮ ਨਹੀਂ ।

ਉਸ ਆਗੂ ਹੋਣ 'ਤੇ ਲਾਹਣਤ ਹੈ,
ਜੇ ਸਿੱਖਿਆ ਸੱਚ ਬਿਆਨ ਨਹੀਂ ।

ਤਾਂ ਦੁਨੀਆਂ ਤੈਨੂੰ ਪਿਆਰੇਗੀ,
ਜੇ ਤੇਰੇ ਵਿੱਚ ਹੈਵਾਨ ਨਹੀਂ ।

ਕੀ ਹੇਰਾ ਫੇਰੀ ਤਾਰੇਗੀ ?
ਜੇ ਤੇਰੇ ਕੋਲ ਈਮਾਨ ਨਹੀਂ ।



Sri Satguru Jagjit Singh Ji eLibrary NamdhariElibrary@gmail.com

## ਪ੍ਰੇਮ ਪਰਭਾਤ

ਇਹ ਤਾਂ ਇੱਕ ਉਹਲਾ ਸੀ,
ਤਿਰੀ ਤਿੱਕਣੀ ਨੂੰ ਮੇਰੀ ਜਿੰਦੜੀਏ !!
ਵਾਸ਼ਨਾ ਦਾ ਭਰਮ,
ਤੇਰੀ ਨਜ਼ਰ ਅੰਦਰ ਜਾਗਿਆ ।

ਛੱਲ ਕਪਟ ਹੁਸਨਾਂ ਨੂੰ,
ਮਿਲਿਆ ਅਜ਼ਲ ਤੋਂ,
ਇਸ ਹਕੀਕਤ ਨੂੰ,
ਤਾਂ ਸਾਰੇ ਮੰਨੀਏ ।

ਪਾਗ਼ਲ ਅਦਾਵਾਂ ਤੇਰੀਆਂ,
ਮੈਂ ਵੇਖੀਆਂ !
ਮਚਲਦੇ ਅਰਮਾਨ ਤੇਰੇ,
ਸਮਝ ਕੇ ।

ਹੋਸ਼ ਮੇਰੀ ਵੀ,
ਜ਼ਰਾ ਲਰਜ਼ਾ ਗਈ ।
ਝੱਲ ਨਾ ਸਕਿਆ,
ਮੈਂ ਆਖ਼ਰ ਸ਼ੋਖੀਆਂ ।



Sri Satguru Jagjit Singh Ji eLibrary NamdhariElibrary@gmail.com

ਭੱਟਕਣਾ ਦੀ ਗੋਦ ਅੰਦਰ,
ਤੜਪ ਕੇ ।
ਹੁਸਨ ਤੇਰਾ ਮੌਲਿਆ,
ਲੈ ਸਿੱਸਕੀਆਂ ।

ਪਾਗ਼ਲਾਂ ਦੇ ਵਾਂਗ,
ਹੋਸ਼ਾਂ ਭੁੱਲ ਕੇ,
ਪਿਆਰ ਕੀਤਾ ਸੀ,
ਤੁਸਾਂ ਕੀ ਜਾਣ ਕੇ ?

ਆਸ ਤੋਂ ਖਾਲੀ,
ਤੁਹਾਡੀ ਨਜ਼ਰ ਨੇ ।
ਫੋਲਣਾ ਕੀ ਫੋਲਿਆ,
ਸੀ ਦਰਦ ਦਾ ।

ਗ਼ਮ ਛੁਪਾਇਆ ਸੀ,
ਕਹਿਰ ਦਾ ਭੋਲਿਓ,
ਕਰ ਲਿਆ ਆਪਣਾ,
ਤੁਹਾਡੀ ਕਦਰ ਨੇ ।

ਵਹਿਣ ਜੀਵਨ ਦਾ,
ਹਮੇਸ਼ਾ ਵਹਿ ਰਿਹਾ ।
ਰੁੱਕ ਨਹੀਂ ਸਕਦਾ,
ਕਦ ਵੀ ਰੋਕਿਆਂ ।

ਡੋਲ੍ਹ ਕੇ ਅੱਥਰੂ,
ਲੁਟਾਈ ਸੰਮਤੀ,
ਇਸ ਜ਼ਖਮ ਦਾ ਦਰਦ,
ਪਗਲੀ ਸਹਿ ਰਿਹਾਂ ।

ਪਿਆਰ ਦੀ ਧੜਕਣ,
ਸਦਾ ਲਈ ਪਾਕ ਹੈ ।
ਵਾਸ਼ਨਾ ਦੇ ਦਾਗ਼,
ਕਿਸ ਲਈ ਲਾ ਰਹੇ ?



Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਵਿਸ਼ਵਾਸ,
ਦਾ ਵੀ ਘਾਤ ਹੈ।
ਜਿਸ ਲਈ ਭੱਟਕੇਂ,
ਇਹ ਜਿੰਦੇ ਖਾਕ ਹੈ ।

ਕਦਰ ਮੈਨੂੰ ਹੈ,
ਬੜੀ ਜਜ਼ਬਾਤ ਦੀ ।
ਸੀਸ ਝੁੱਕ ਜਾਂਦੈ,
ਹਮੇਸ਼ਾ ਪਿਆਰ ਨੂੰ ।

ਦੂਰ ਕਰ ਦੇਵੋਂ, ਭੁਲੇਖਾ,
ਵਾਸ਼ਨਾ ਦਾ ਨਜ਼ਰ ਤੋਂ ।
ਕਰ ਲਵੋ ਪੂਜਾ,
ਚੜ੍ਹੀ ਪਰਭਾਤ ਦੀ !
ਕਰ ਲਵੋ ਪੂਜਾ,
ਪ੍ਰੇਮ ਪਰਭਾਤ ਦੀ !!



Sri Satguru Jagjit Singh Ji eLibrary NamdhariElibrary@gmail.com

## ਖਿੜੀ ਸਦਾ ਹੀ ਰਹੇ

ਚਾਹੇ ਰਹਿਮ ਕਰ ਲਓ ਚਾਹੇ, ਜ਼ੁਲਮ ਢਾਹੋ,
ਅਸੀਂ ਕੌਣ ਹਾਂ, ਥੋਨੂੰ ਕੁਝ ਕਹਿਣ ਵਾਲੇ ।
ਥੋਡੇ ਰੋਸਿਆਂ ਤੇ, ਥੋਡੇ ਸ਼ਿਕਵਿਆਂ ਨੂੰ,
ਅਸੀਂ ਅਜ਼ਲ ਤੋਂ, ਰਹੇ ਹਾਂ ਸਹਿਣ ਵਾਲੇ ।

ਮੇਰੇ ਰਾਹ ਕੰਡਿਆਲੇ, ਤੇ ਰਾਤ ਕਾਲੀ,
ਇੱਕ ਹੋਰ ਵਾਧਾ, ਪੈਰੀਂ ਪਏ ਛਾਲੇ ।
ਮੈਂ ਤਾਂ ਮੱਚ ਕੇ, ਭਾਵੇਂ ਸਿਆਹ ਹੋਵਾਂ,
ਮੱਥੇ ਹੁਸਨ ਦੇ, ਕਦੇ ਨਾ ਹੋਣ ਕਾਲੇ ।

ਚਲੋ ਆਖ ਹੀ ਦਿਨਾਂ ਮੱਦਹੋਸ਼ ਹੋ ਕੇ,
ਮੈਨੂੰ ਭੁੱਲ ਨਾ ਸਕੇ ਨੁਹਾਰ ਤੇਰੀ ।
ਤੇਰੇ ਫੁੱਲਾਂ ਵਿੱਚ ਕਰਨ ਕਲੋਲ 'ਪੰਛੀ'
ਖਿੜੀ ਸਦਾ ਹੀ ਰਹੇ ਗੁਲਜ਼ਾਰ ਤੇਰੀ ।



Sri Satguru Jagjit Singh Ji eLibrary NamdhariElibrary@gmail.com

## ਜ਼ਿੰਦਗੀ ਦੀ ਸੱਧਰ

ਸਾਨੂੰ ਫੱਕਰਾਂ ਨੂੰ ਕੌਣ ਪੁੱਛਦਾ ਏ ?
ਭਾਵੇਂ ਵੱਸਦੇ ਵਿੱਚ ਸੰਸਾਰ ਹਾਣੀ।

ਸਾਡੇ ਵਿੱਚ ਨਸੀਬ ਦੇ, ਪੱਤਝੜਾਂ ਨੇ,
ਸਾਡੇ ਨੈਣੀਂ ਨਾ ਟਿਕੇ ਬਹਾਰ ਹਾਣੀ।

ਅਸੀਂ ਬੱਚਿਆਂ ਵਾਂਗ ਪੱਏ ਖੇਡਦੇ ਹਾਂ,
ਸਾਡਾ ਬਾਲਕਾਂ ਵਾਂਗ ਪਿਆਰ ਹਾਣੀ।

ਤੇਰੇ ਵਾਸਤੇ ਉਮਰ ਨੂੰ ਭੋਗਦੇ ਹਾਂ,
ਸਾਡੀ ਜ਼ਿੰਦਗੀ ਫੁੱਲਾਂ ਵਿਚ ਖਾਰ ਹਾਣੀ।

ਹੰਝੂ ਵਿੱਚ ਵੈਰਾਗ ਦੇ ਵੱਗ ਜਾਵਣ,
ਅਸੀਂ ਹੰਝੂਆਂ ਤੋਂ ਗੱਏ ਹਾਰ ਹਾਣੀ।

ਸਾਡੀ ਜ਼ਿੰਦਗੀ ਦੀ ਸੋਧ ਬਹੁਤ ਉੱਚੀ,
ਅਸੀਂ ਹੁੰਦੇ ਨਾ ਕਦੇ ਉਲਾਰ ਹਾਣੀ।

ਅਸੀਂ ਜਿਨ੍ਹੂੰ ਵੀ ਆਪਣਾ ਮੀਤ ਕੀਤਾ,
ਸਾਡਾ ਹੋਇਆ ਨਾ ਕਦੇ ਗ਼ਮਖ਼ਾਰ ਹਾਣੀ।

ਕਦੀ ਕਦੀ ਅਸਮਾਨ ਵੱਲ ਵੇਖਦੇ ਹਾਂ,
ਸਾਨੂੰ ਲੱਭਾ ਨਾ ਤੇਰਾ ਆਕਾਰ ਹਾਣੀ।

ਵਿੱਚ ਜ਼ਿੰਦਗੀ ਕਦਰ ਹੈ ਤਾਕਤਾਂ ਦੀ,
'ਪੰਛੀ' ਤਾਕਤਾਂ ਕੀਤੇ ਉਡਾਰ ਹਾਣੀ।



Sri Satguru Jagjit Singh Ji eLibrary NamdhariElibrary@gmail.com

## ਬੜਾ ਪਛੋਤਾਇਆਂ

ਮੁੜਾਂ ਰੋਜ਼ ਮੈਂ ਤੇਰੇ ਦਰ ਉੱਤੋਂ ਆ ਕੇ,
ਬ੍ਰਿਹਾ 'ਚ ਉੱਛਲੇ ਦੋ ਹੰਝੂ ਵਹਾ ਕੇ ।
ਤੇਰੇ ਦਰ ਦੀ ਸਰਦਲ ਵੀ ਦਿੰਦੀ ਦਿਲਾਸਾ,
ਸਬਰ ਆਉਂਦੈ ਹੈ ਜਿੱਥੇ ਸੱਜਦੇ ਵਿਛਾ ਕੇ ।

ਪਿਆਰਾਂ ਤੋਂ ਸੱਖਣਾ ਤਾਂ ਜੀਵਨ ਅਧੂਰਾ,
ਰੀਤਾਂ ਨੂੰ ਛੱਡਾਂ ਤਾਂ ਬਾਗੀ ਨੇ ਕਹਿੰਦੇ ।
ਇਥੇ ਸੁੱਚੀਆਂ ਪ੍ਰੀਤਾਂ ਦੇ ਪੱਲੇ 'ਚ ਝੋਰਾ,
ਇਸ਼ਕੇ ਦੀ ਆਂਦਰ ਨੂੰ ਲੱਖਾਂ ਹੀ ਫ਼ਾਕੇ ।

ਅਜੇ ਪ੍ਰੀਤ ਟਾਹਣੀ ਤੂਫ਼ਾਨਾ ਨੇ ਛੱਡੀ,
ਕਲਮ ਝੁਰਦੀ ਝੁਰਦੀ ਪ੍ਰੀਤਾਂ ਨੂੰ ਚਿੱਤਰੇ ।
ਹਾਲੀਂ ਜਗਤ ਪੀੜਾ ਮੈਂ ਬੈਠਾ ਸੰਭਾਲੀ,
ਕਦੋਂ ਤੀਕ ਰੱਖਾਂਗਾ ਇਸ ਨੂੰ ਦਬਾ ਕੇ ?

ਐਹ, ਧਰਤੀ ਦੇ ਝੁਲਸੇ ਹੋਏ ਕਿਣਕੇ ਗਵਾਹ ਨੇ
ਕਿਵੇਂ ਕਦਰ ਪਾਈ ਹੈ ਸੁੱਚੀ ਵਫ਼ਾ ਨੇ ।
ਕਦੋਂ ਭੁੱਖ ਹੱਵਸਾਂ ਦੀ ਹੋਈ ਹੈ ਪੂਰੀ ?
ਐਹ, ਦੁਨੀਆਂ 'ਤੇ ਹੋਏ ਨੇ ਲੱਖਾਂ ਹੀ ਸਾਕੇ ।



Sri Satguru Jagjit Singh Ji eLibrary NamdhariElibrary@gmail.com

ਆ ਵੇਖ ਜੀਵਨ ਉਡਾਰੀ ਪਈ ਬਿੜਕੇ,
ਜ਼ਰਾ ਵੇਖ ਤੜਪੇ ਨਿਮਾਣੀ ਇਹ ਜਿੰਦੂ ।
ਹਾਲੇ ਜ਼ਿੰਦਗਾਨੀ ਨੂੰ ਜੀਵਨ, ਨਹੀਂ ਲੱਭਾ,
ਮਿਲ ਜਾਵੇਂ ਖਵਰੇ ਨਵੇਂ ਗੀਤ ਗਾ ਕੇ ।

ਤੇਰੀ ਪ੍ਰੀਤ ਸਦਕੇ, ਤੇਰੀ ਜੀਤ ਸਦਕੇ,
ਮੈਂ ਵੀ ਅਕਾਸ਼ੀਂ ਉਡਾਰੀ ਹੈ ਲਾਣੀ ।
ਮੇਰੇ ਬੰਨੇ ਆਏ ਸੀ ਬੰਨ੍ਹ-ਬੰਨ੍ਹ ਕੇ ਡਾਰਾਂ,
ਬੜਾ ਪਛੋਤਾਇਆਂ, ਉਹ 'ਪੰਛੀ' ਉਡਾ ਕੇ ।

ਮੁੜਾਂ ਰੋਜ਼ ਮੈਂ ਤੇਰੇ ਦਰ ਉੱਤੋਂ ਆ ਕੇ,
ਬ੍ਰਿਹਾ 'ਚ ਉੱਛਲੇ ਦੋ ਹੰਝੂ ਵਹਾ ਕੇ ।
ਤੇਰੇ ਦਰ ਦੀ ਸਰਦਲ ਵੀ ਦਿੰਦੀ ਦਿਲਾਸਾ
ਸਬਰ ਆਉਂਦੇ ਹੈ ਜਿਥੇ ਸਜਦੇ ਵਿਛਾ ਕੇ ।



Sri Satguru Jagjit Singh Ji eLibrary NamdhariElibrary@gmail.com

## ਕਲਮ ਦੇ ਸਿਪਾਹੀ

ਕਿਸਮਤ ਉਹਨਾਂ ਮਨੁੱਖਾਂ ਦੇ ਨਾਲ ਤੁਰਦੀ,
ਜਿਹੜੇ ਮਿਹਨਤਾਂ ਵਿੱਚ ਵਿਸ਼ਵਾਸ ਰੱਖਦੇ ।

ਜਿਹੜੇ ਕੱਵੀ ਮਨੁੱਖ ਦੀ ਲਿਖਣ ਹੋਣੀ,
ਉਹ ਆਪਣੀ ਕਲਮ ਤਰਾਸ਼ ਰੱਖਦੇ ।

ਸਦਾ ਕਰਨ ਮੁਸ਼ਕਤਾਂ ਜੀਅ ਲਾ ਕੇ,
ਨਹੀਂ ਬੋਝਿਆਂ ਵਿੱਚ ਉਹ ਤਾਸ਼ ਰੱਖਦੇ ।

ਹੁੰਦਾ ਹੌਸਲਾ, ਜੀਣ ਲਈ ਅਣਖ ਹੁੰਦੀ,
ਢਹਿੰਦੀ ਕਲਾ ਦਾ ਨਹੀਂ ਅਹਿਸਾਸ ਰੱਖਦੇ ।

ਲੱਖ ਔਕੜਾਂ ਮਿੱਧ ਕੇ ਲੰਘ ਜਾਂਦੇ,
ਸੇਧ ਆਪਣੀ ਇੱਕ ਉਹ ਖ਼ਾਸ ਰੱਖਦੇ ।

ਸਦਾ ਚੜ੍ਹਦੀਆਂ ਕਲਾ ਵਿੱਚ ਰਹਿਣ 'ਪੰਛੀ',
ਚਾਲੂ ਆਪਣੀ ਕੋਈ ਤਲਾਸ਼ ਰੱਖਦੇ ।



Sri Satguru Jagjit Singh Ji eLibrary NamdhariElibrary@gmail.com

## ਫਾਸ਼ੀਵਾਦ-ਫਾਸ਼ਿਸਟ

ਇਹ ਰੀਝ ਹੈ ਆਦਮ-ਖੋਰਾਂ ਦੀ,
'ਤੇ ਖੂਨੀ ਸੀਨਾ-ਜ਼ੋਰਾਂ ਦੀ।
ਇਹ ਪੁੱਟਣ ਕਦਮ ਤਬਾਹੀ ਦਾ,
ਇਹ ਕੀਮਤ ਪੁੱਛਦੇ ਗੋਰਾਂ ਦੀ।

ਜੋ ਹਿਟਲਰ ਜਰਮਨ ਵਿੱਚ ਹੋਇਆ,
'ਤੇ ਮੋਸੋਲੀਨੀ ਇੱਟਲੀ ਦਾ।
ਇਹ ਆਪੂ ਬਣਦੇ ਨਾਢੂ ਖਾਂ,
'ਤੇ ਬਾਤ ਨਾ ਪੁੱਛਦੇ ਹੋਰਾਂ ਦੀ।

ਇਹ ਅੰਨ੍ਹੀ ਕੌਮ ਪ੍ਰਸਤੀ ਹੈ,
ਜਿੰਦ ਕੌਡੀ ਤੋਂ ਵੀ ਸੱਸਤੀ ਹੈ।
ਇਹ ਕਤਲਗਾਹਾਂ ਦੇ ਵਣਜਾਰੇ,
ਖੱਲ ਲਾਹੁੰਦੇ ਨੇ ਕਮਜ਼ੋਰਾਂ ਦੀ।

ਇਹ ਬਿਗਲ ਵਜਾਉਂਦੇ ਗੜਬੜ ਦਾ,
'ਤੇ ਹਰ ਥਾਂ ਖੂਨ ਬਹਾਉਂਦੇ ਨੇ।
ਇਹ ਆਪਣੇ ਜ਼ੁਲਮੀ ਮੰਤਵ ਲਈ,
ਲੈ ਜਾਂਦੇ ਜਾਨ ਕਰੋੜਾਂ ਦੀ।

Sri Satguru Jagjit Singh Ji eLibrary NamdhariElibrary@gmail.com

ਇਹ ਨਾਹਰਾ ਲਾ ਭੁਚਲਾਉਂਦੇ ਨੇ,
ਪਰ ਅਸਲੀ ਗੱਲ ਲੁਕਾਉਂਦੇ ਨੇ ।
ਇਹ ਜਾਨਣ ਟਿੱਚ ਮੁਹੱਬਤ ਨੂੰ,
ਸੀਨੇ ਵਿੱਚ ਧੜਕਣ ਖੋਰਾਂ ਦੀ ।

ਆਹ ! ਮਜ਼ਲੂਮਾਂ ਦੀਆਂ ਖੋਪਰੀਆਂ,
'ਤੇ ਸੁੱਕੇ ਪਿੰਜਰ ਬੰਦਿਆਂ ਦੇ ।
ਇਹ ਨਵੇਂ ਜੁੱਗ ਦੇ ਰਾਖਸ਼ ਨੇ,
ਗੱਲ ਕਰਦੇ ਜੰਗੀ ਲੋਰਾਂ ਦੀ ।

ਕੀ ਭਾਰਤ, ਚਿੱਲੀ, ਬੰਗ-ਦੇਸ਼
ਇਹ ਹਰ ਥਾਂ ਚੰਦ ਚੜ੍ਹਾਂਦੇ ਨੇ ।
'ਪੰਛੀ' ਜਦ ਲੋਕੀਂ ਸਮਝ ਜਾਣ,
ਫਿਰ ਸ਼ਾਮਤ ਆਵੇ ਚੋਰਾਂ ਦੀ ।



Sri Satguru Jagjit Singh Ji eLibrary NamdhariElibrary@gmail.com

# ਕਸਵੱਟੀ

## ○ ਸਰਦਲ ਬਾਰੇ

**ਕਰਤਾਰ ਸਿੰਘ ਪੰਛੀ** 1955 ਤੋਂ ਪੰਜਾਬੀ ਕਾਵਿ ਸਿਰਜਨ ਦੇ ਕਾਰਜ ਨੂੰ ਕਰਦਾ ਆ ਰਿਹਾ ਹੈ। ਇਸ ਨੇ ਪੰਜਾਬੀ ਦੇ ਕਈ ਰੂਪਾਂ 'ਤੇ ਹੱਥ ਅਜ਼ਮਾਇਆ ਹੈ। ਉਸ ਕੋਲ ਕਾਵਿ-ਦਿੱਲ ਹੈ। ਸਰਦਲ ਦੀਆਂ ਗ਼ਜ਼ਲਾਂ ਜੋ ਸਾਡੇ ਸਾਹਮਣੇ ਹਨ, ਇਸ ਗੱਲ ਦਾ ਪਰਮਾਣ ਹਨ ਕਿ 'ਪੰਛੀ' ਦੀਆਂ ਗ਼ਜ਼ਲਾਂ ਨੂੰ ਪੰਜਾਬੀ ਦੀਆਂ ਚੰਗੀਆਂ ਗ਼ਜ਼ਲਾਂ ਵਿੱਚ ਸ਼ੁਮਾਰ ਕੀਤਾ ਜਾ ਸਕਦਾ ਹੈ। ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿੱਚ ਜਿੱਥੇ ਜਜ਼ਬੇ ਦਾ ਉਭਾਰ ਹੈ ਤੇ ਕਲਪਣਾ ਦੀ ਉਡਾਰੀ ਹੈ ਉੱਥੇ ਉਹ ਆਪਣੇ ਅਨੁਭਵ ਨੂੰ ਚੇਤਨ ਵਿਚਾਰਾਂ ਵਿੱਚ ਅਭਿਵਿਅਕਤ ਕਰਦਾ ਹੈ। ਜੋ ਕੁੱਝ ਉਸ ਨੇ ਗ਼ਜ਼ਲਾਂ ਦੇ ਸ਼ਿਅਰਾਂ ਰਾਹੀਂ ਕਹਿਣ ਦਾ ਯਤਨ ਕੀਤਾ ਹੈ ਉਸ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਦਿੱਲ ਧੜਕਦਾ ਹੈ।

ਅੱਜ ਦੇ ਸਮਸਿਆਵਾਂ ਗ੍ਰਸੇ ਜੀਵਨ ਨੂੰ ਆਰਥਕ, ਰਾਜਨੀਤਕ, ਸਮਾਜਿਕ ਸੰਕਟ ਦੇ ਨਰਕ ਵਿੱਚੋਂ ਕੱਢਣ ਲਈ 'ਪੰਛੀ' ਦੀ ਦ੍ਰਿਸ਼ਟੀ ਨਵ-ਪ੍ਰਗਤੀਵਾਦੀ ਹੈ। ਇਹ ਲੜਾਈ ਕਿਸੇ ਇਕੱਲੇ ਮਨੁੱਖ ਦੀ ਨਹੀਂ ਇਹ ਤਾਂ ਸਾਂਝਾ ਘੋਲ ਹੈ। ਕਵੀ ਦਲੇਰ ਹੈ। ਉਸ ਦੇ ਸ਼ਿਅਰਾਂ ਵਿੱਚ ਅਮਲ ਦੀ ਗੱਲ ਹੈ। ਕਵੀ ਦੀ ਫ਼ਿਤਰਤ ਵਿੱਚ ਸੱਚ ਦਾ ਵਾਸਾ ਹੈ। ਠਰੰਮਾ ਹੈ, ਦਲੇਰੀ ਵੀ ਹੈ। ਇਹ ਮੁਸ਼ਕਲਾਂ ਵਿੱਚ ਮੁਸਕ੍ਰਾਉਂਦਾ ਹੈ। ਮਜ਼ਲੂਮਾਂ ਲਈ ਉਠਿਆ ਉਹਦਾ ਹਰ ਕਦਮ ਜ਼ਿੰਦਗੀ ਲਈ ਵਰ ਸਾਬਤ ਹੁੰਦਾ ਹੈ। 'ਪੰਛੀ' ਕੋਲ ਜਿੱਥੇ ਅਨੁਭਵ ਹੈ ਉਥੇ ਉਹ ਆਪਣੇ ਅਨੁਭਵ ਨੂੰ ਆਪਣੇ ਹੀ 'ਕੋਣ' ਤੋਂ ਵਿਚਾਰਾਂ ਵਿੱਚ ਢਾਲਣ ਦੀ ਸਮਰੱਥਾ ਰਖਦਾ ਹੈ। ਉਸ ਕੋਲ ਹਰ ਸਮੱਸਿਆ ਨੂੰ ਸਮਝਣ ਦੀ ਸੂਝ ਹੈ। ਉਸ ਦੀ ਇਹ ਸੂਝ ਉਸ ਦੀ ਹਰ ਗ਼ਜ਼ਲ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਵਿਦਮਾਨ ਹੈ। ਉਸ ਦੇ ਕਈ ਸ਼ਿਅਰ ਤਾਂ ਦਿੱਲ ਦਿਮਾਗ ਨੂੰ ਹਲੂਣਾ ਦੇਣ ਦੀ ਸਮਰੱਥਾ ਰਖਦੇ ਹਨ। ਤੇ ਕਈ ਸ਼ਿਅਰ ਤਾਂ ਅਟੱਲ ਸਚਾਈਆਂ ਬਣ ਗਏ ਜਾਪਦੇ ਹਨ। 'ਪੰਛੀ' ਸੱਚ-ਮੁੱਚ ਕਾਵਿ ਦਾ ਪੰਛੀ ਬਣ ਕੇ ਕਾਵਿ ਦੇ ਰੰਗਲੇ ਆਕਾਸ਼ ਵਿੱਚ ਉੱਚ ਉਡਾਰੀਆਂ ਲਾਉਣ ਵਾਲਾ ਕਵੀ ਹੈ, ਉਸ ਕੋਲ



Sri Satguru Jagjit Singh Ji eLibrary NamdhariElibrary@gmail.com

ਨਾਜ਼ਕ ਤੋਂ ਨਾਜ਼ਕ ਖਿਆਲਾਂ ਨੂੰ ਕਲਾਤਮਕ ਵਿਧੀ ਨਾਲ ਤੇ ਕਾਵਿ ਵਿਉਂਤ ਸਦਕੇ ਅਭਿਵਿਅਕਤ ਕਰਨ ਦਾ ਗੁਣ ਹੈ।

'ਪੰਛੀ' ਦੀਆਂ ਗ਼ਜ਼ਲਾਂ ਵਿੱਚ ਪ੍ਰਗਟਾ ਦੇ ਕਈ ਖਿਆਲ ਤਾਂ ਅਛੂਤੇ ਜਾਪਦੇ ਹਨ। ਬੋਲੀ ਸਾਧਾਰਣ, ਸ਼ਬਦਾਂ ਦੀ ਚੋਣ ਢੁਕਵੀਂ, ਸ਼ਬਦ ਬਹੁ-ਅਰਥਾਂ ਦੇ ਲਖਾਇਕ ਹਨ। ਸੱਚ ਮੁੱਚ 'ਪੰਛੀ' ਗ਼ਜ਼ਲ ਲਿਖਣ ਵੇਲੇ ਮਿਹਨਤ ਕਰਦਾ ਹੈ। ਉਸ ਨੇ ਪਿਆਰ ਮੁਹੱਬਤ, ਤੜਪਦੇ ਅਰਮਾਨਾਂ ਤੇ ਹੁਸਨ ਦੀ ਰੰਗੀਨੀ ਦੀ ਜੋ ਗੱਲ ਕੀਤੀ ਹੈ ਉਹ ਵੀ ਖੂਬਸੂਰਤੀ ਨਾਲ ਕੀਤੀ ਹੈ। ਪੜ੍ਹ ਸੁਣ ਕੇ ਦਿੱਲ ਦਿਮਾਗ ਨਸ਼ਿਆ ਜਾਂਦਾ ਹੈ। ਬੁਲ੍ਹਾਂ ਤੇ ਮੁਸਕਾਨ ਆ ਜਾਂਦੀ ਹੈ। ਜ਼ਬਾਨ 'ਵਾਹ' ਕਹਿ ਉੱਠਦੀ ਹੈ। ਮਨ ਵਿੱਚ ਤ੍ਰਿਪਤੀ ਦਾ ਅਹਿਸਾਸ ਹੁੰਦਾ ਹੈ। ਉਸ ਨੇ ਗ਼ਮ ਤੇ ਦਰਦ ਦੀ ਗਲੋਂਕੜੀ ਵੀ ਕੀਤੀ ਹੈ। ਉਸ ਗ਼ਮ ਤੇ ਦਰਦ ਦੀ ਜੋ ਸਾਡਾ ਸਾਰਿਆਂ ਦਾ ਹੈ।

—ਡਾ. ਅਮਰ ਕੋਮਲ (ਬਰਨਾਲਾ)

ਕਰਤਾਰ ਸਿੰਘ 'ਪੰਛੀ' ਪੰਜਾਬੀ ਦੇ ਉਹਨਾਂ ਗ਼ਜ਼ਲਗੋਆਂ ਵਿੱਚੋਂ ਇੱਕ ਹੈ ਜਿਹੜਾ ਲੋਕ ਪੱਖੀ ਸੁਰ ਨੂੰ ਆਪਣੀਆਂ ਗਜ਼ਲਾਂ ਰਾਹੀਂ ਉਚੇਰੀ ਕਰਦਾ ਜਾਪਦਾ ਹੈ। ਉਸ ਦੀਆਂ ਗ਼ਜ਼ਲਾਂ ਵਿੱਚ ਮਿੱਤਰਾਂ ਦੀ ਗੱਲ ਵੀ ਹੈ ਤੇ ਲੋਕਾਂ ਦੀ ਵੀ। ਗ਼ਜ਼ਲ ਰਾਹੀਂ 'ਪੰਛੀ' ਆਪਣੇ ਅਗਾਂਹਵਧੂ ਦ੍ਰਿਸ਼ਟੀਕੋਣ ਨੂੰ ਪਾਠਕਾਂ ਨਾਲ ਸਾਂਝਾ ਕਰਦਾ ਹੈ। ਕਿਉਂਕਿ 'ਪੰਛੀ' ਇੱਕ ਕਰਮਚਾਰੀ ਹੈ ਅਤੇ ਇੱਕ ਲੰਮੇ ਸਮੇਂ ਤੋਂ ਟਰੇਡ ਯੂਨੀਅਨ ਲਹਿਰ ਨਾਲ ਜੁੜਿਆ ਹੋਇਆ ਹੈ, ਇਸ ਲਈ ਉਸ ਨੂੰ ਸਰਮਾਏਦਾਰੀ ਅਤੇ ਸਾਮਰਾਜੀ ਲੁੱਟ ਦੀ ਪਹਿਚਾਨ ਹੈ, ਮਹਿੰਗਾਈ, ਬੇਰੁਜ਼ਗਾਰੀ, ਫਾਕਾਕਸ਼ੀ ਅਤੇ ਮਜਬੂਰੀ ਜੋ ਹੇਠਲੇ ਵਰਗ ਦੀਆਂ ਜਾਨ ਲੇਵਾ ਬਣੀਆਂ ਹੋਈਆਂ ਹਨ, ਇਹ ਸਭ ਕੁੱਝ 'ਪੰਛੀ' ਨੇ ਆਪਣੇ ਪਿੰਡੇ ਹੰਢਾਈਆਂ ਹਨ। ਇਸ ਲਈ ਉਸ ਦੀ ਗ਼ਜ਼ਲ ਸਿਧਾਂਤ ਅਤੇ ਅਨੁਭਵ ਦਾ ਸਮਾਵੇਸ਼ ਬਣ ਕੇ ਬੜੀ ਖੂਬਸੂਰਤੀ ਨਾਲ ਪਾਠਕਾਂ ਅਤੇ ਸਰੋਤਿਆਂ ਨੂੰ ਪ੍ਰਭਾਵਿਤ ਕਰ ਲੈਂਦੀ ਹੈ। ਉਸ ਨੂੰ ਪਤਾ ਹੈ ਕਿ ਮੁਕਤੀ ਦੀ ਪ੍ਰਾਪਤੀ ਲੋਕਾਂ ਦੇ ਏਕੇ ਵਿਚੋਂ ਉਪਜਦੀ ਹੈ। 'ਪੰਛੀ' ਕਿਤੇ ਕਿਤੇ ਪਿਆਰ ਦੀ ਗੱਲ ਵੀ ਕਰਦਾ ਜਾਪਦਾ ਹੈ। 'ਪੰਛੀ' ਦਾ ਪਿਆਰ ਪਵਿਤਰਤਾ ਅਤੇ ਯਥਾਰਥਕਤਾ ਦੀਆਂ ਲੀਹਾਂ ਉੱਤੇ ਉਸਰਿਆ ਹੋਇਆ ਹੈ। ਜੋ ਸਾਡੀ ਜਾਚੇ ਸਾਰਥਕ ਹੈ। 'ਪੰਛੀ' ਇੱਕ ਗ਼ਜ਼ਲਗੋ ਹੈ ਜੋ ਗ਼ਜ਼ਲ ਦੇ ਮਾਧਿਅਮ ਰਾਹੀਂ ਆਪਣੇ ਵਿਚਾਰਾਂ ਨੂੰ ਦੱਬੀ ਕੁੱਚਲੀ ਜਨਤਾ ਤਕ ਪਹੁੰਚਾ ਕੇ ਉਹਨਾਂ ਨੂੰ ਕ੍ਰਾਂਤੀ ਲਈ ਪ੍ਰੇਰਨਾ ਚਾਹੁੰਦਾ ਹੈ। ਪੰਛੀ' ਦੀਆਂ ਗ਼ਜ਼ਲਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਸ ਦੇ ਸ਼ਿਅਰਾਂ ਵਿੱਚਲਾ ਵਿਅੰਗ ਹੈ। ਉਹ ਆਪਣੇ ਤੇ ਵੀ ਵਿਅੰਗ ਕਸਦਾ ਹੈ ਉਹਨਾਂ ਤੇ ਵੀ ਜੋ ਪਰਦੇ ਹੇਠ ਕਈ ਕਿਸਮ ਦੇ ਗੁਨਾਹ ਕਰਦੇ ਹਨ। 'ਪੰਛੀ' ਵਿਅੰਗ ਦੇ ਹਥਿਆਰ ਰਾਹੀਂ ਸਾਦਗੀ ਪਰ ਖ਼ੂਬਸੂਰਤੀ ਨਾਲ ਲੋਕ-ਪੱਖੀ ਗੱਲਾਂ ਕਹਿਣ ਵਿੱਚ



Sri Satguru Jagjit Singh Ji eLibrary NamdhariElibrary@gmail.com

ਕਮਾਲ ਕਰ ਗਿਆ ਹੈ। ਸਾਨੂੰ ਪੂਰਣ ਭਰੋਸਾ ਹੈ ਕਿ ਜਦੋਂ ਪ੍ਰਗਤੀਵਾਦੀ ਗ਼ਜ਼ਲ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ **ਸਰਦਲ** ਵਿਚਲੇ ਕੁੱਝ ਸ਼ੇਅਰ ਨਿਸਚੇ ਨਾਲ ਹੀ ਨੀਹਾਂ ਦੇ ਪੱਥਰਾਂ ਵਾਂਗ ਸਮਝ ਕੇ ਸਤਿਕਾਰੇ ਜਾਣਗੇ।

'ਨਵਾਂ ਜ਼ਮਾਨਾ' (ਜਲੰਧਰ) **–ਡਾ. ਐਸ ਤਰਸੇਮ** (ਮਲੇਰ ਕੋਟਲਾ)

**ਸਰਦਲ** ਗ਼ਜ਼ਲ ਸੰਗ੍ਰਹਿ ਦਾ ਲੇਖਕ ਕਰਤਾਰ ਸਿੰਘ 'ਪੰਛੀ' ਪਿੱਛਲੇ ਤੀਹ ਵਰ੍ਹਿਆਂ ਤੋਂ ਕਵਿਤਾ ਲਿਖਦਾ ਆ ਰਿਹਾ ਹੈ। ਇਸ ਲੰਮੀ ਕਾਵਿ ਸਿਰਜਨ ਦੀ ਯਾਤਰਾ ਦੌਰਾਨ ਉਸ ਨੇ ਲੰਮੀਆਂ, ਨਿੱਕੀਆਂ ਕਵਿਤਾਵਾਂ, ਮਧੁਰ ਗੀਤ ਤੇ ਹੋਰ ਵੰਨ ਸੁਵੰਨੇ ਕਾਵਿ ਰੂਪਾਂ ਉੱਤੇ ਕਾਮਯਾਬੀ ਨਾਲ ਹੱਥ ਅਜ਼ਮਾਇਆ ਹੈ। ਕਵੀ ਦਿੱਲ ਨੂੰ ਛੰਦ-ਤੁਕਾਂਤ ਦਾ ਭਰਪੂਰ ਗਿਆਨ ਹੈ। ਉਮਰ ਦੀ ਪੁਖ਼ਤਗੀ, ਜ਼ਿੰਦਗੀ ਦਾ ਡੂੰਘਾ ਤਜਰਬਾ, ਨਰੋਇਆ ਜੀਵਨ ਫਲਸਫਾ ਤੇ ਬੇਬਸਾਂ-ਬੇਕਸਾਂ ਲਈ ਦਿਲੀ ਹਮਦਰਦੀ ਰਖਣ ਵਾਲੇ ਇਸ ਕਵੀ ਨੇ 56 ਗ਼ਜ਼ਲਾਂ ਦਾ ਇੱਕ ਢੋਆ ਪੰਜਾਬੀ ਜਗਤ ਨੂੰ ਭੇਟਾ ਕੀਤਾ ਹੈ।

**ਸਰਦਲ** ਨੂੰ ਪੜ੍ਹ ਕੇ ਇਹ ਯਕੀਨ ਹੋ ਜਾਂਦਾ ਹੈ ਕਿ ਉਸ ਵਿੱਚ ਖਿਆਲਾਂ ਦੀ ਉਡਾਰੀ, ਸੰਗੀਤ ਦੀ ਸੂਝ, ਸ਼ਬਦਾਂ ਦੀ ਢੁਕਵੀਂ ਚੋਣ ਤੇ ਗ਼ਜ਼ਲ ਵਿੱਚ ਨਵੇਂ ਨਵੇਂ ਵਿਚਾਰਾਂ ਨੂੰ ਬੰਨ੍ਹਣ ਦੀ ਪੂਰਣ ਸਮਰਥਾ ਹੈ। ਉਸ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿੱਚ ਜਜ਼ਬੇ ਦਾ ਉਲਾਰ ਨਹੀਂ ਕਲਪਨਾ ਦੀ ਉਡਾਣ ਜ਼ਰੂਰ ਹੈ। 'ਪੰਛੀ' ਦੀਆਂ ਗ਼ਜ਼ਲਾਂ ਦਾ ਵਿਸ਼ਾ-ਵਸਤੂ ਭੋਗਿਆ ਹੋਇਆ ਜੀਵਨ ਹੈ। ਕਾਮਿਆਂ, ਮਜ਼ਦੂਰਾਂ ਤੇ ਮੁਲਾਜ਼ਮਾਂ ਵਿੱਚ ਰਹਿ ਕੇ ਉਹਨਾਂ ਦੀਆਂ ਸਮਾਜਿਕ, ਆਰਥਿਕ ਤੇ ਮਾਨਸਿਕ ਗੁੰਝਲਾਂ ਦੇ ਅਨੁਭਵ ਨੂੰ ਹੀ ਉਹ ਕਲਾਮਈ ਢੰਗ ਨਾਲ ਆਪਣੀਆਂ ਗ਼ਜ਼ਲਾਂ ਵਿੱਚ ਬੰਨ੍ਹਦਾ ਹੈ।

'ਜਨ ਸਾਹਿਤ' **–ਪ੍ਰੇਮ ਭੂਸ਼ਨ ਗੋਇਲ**

ਡਿ. ਡਾ. ਭਾਸ਼ਾ ਵਿਭਾਗ ਪੰਜਾਬ, ਪਟਿਆਲਾ

'ਪੰਛੀ' ਨੇ ਸਮਾਜਕ ਕੀਮਤਾਂ ਦੇ ਪਤਨ, ਆਰਥਕ ਕਾਣੀ ਵੰਡ ਤੇ ਰਾਜਨੀਤਕ ਭਰਿਸ਼ਟਾਚਾਰ ਦੇ ਆਹੂ ਲਾਹੇ ਹਨ। 'ਪੰਛੀ' ਸਮਾਜ ਦੇ ਪੀੜਤ ਵਰਗ ਦੀਆਂ ਪੀੜਾਂ ਤੇ ਮਜਬੂਰੀਆਂ ਨੂੰ ਭਲੀ ਭਾਂਤ ਚਿਤਰਦਾ ਤੇ ਵਿਅਕਤ ਕਰਦਾ ਹੈ। ਉਸ ਦੀ ਸੁਰ ਆਸ਼ਾਵਾਦੀ ਹੈ। ਉਹ ਉਤਸ਼ਾਹੀ ਕਵੀ ਹੈ। 'ਪੰਛੀ' 'ਇਕਬਾਲ' ਵਾਂਗ ਸ਼ਾਇਰੀ ਨੂੰ ਦਿਮਾਗੀ ਅਯਾਸ਼ੀ ਨਹੀਂ ਸਮਝਦਾ ਸਗੋਂ ਇਸ ਨੂੰ ਸੁੱਤੀ ਕੌਮ ਦੀ ਜ਼ਮੀਰ ਨੂੰ ਜਗਾਉਣ ਤੇ ਝੰਜੋੜਣ ਦਾ ਭਾਵਪੂਰਤ ਸਾਧਨ ਸਮਝਦਾ ਹੈ। ਉਸ ਨੇ ਰਾਜਨੀਤਕ, ਪ੍ਰਸਾਸ਼ਨਿਕ, ਸਮਾਜਿਕ ਤੇ ਆਰਥਿਕ ਢਾਂਚੇ ਤੇ ਭਰਪੂਰ ਮਿਆਰੀ ਵਿਅੰਗ ਤੇ ਕਟਾਖ਼ਸ਼ ਕੀਤੇ ਹਨ। 'ਪੰਛੀ' 'ਗ਼ਾਲਿਬ' ਵਾਂਗ 'ਤੰਗਨਾਏ-ਗ਼ਜ਼ਲ'



Sri Satguru Jagjit Singh Ji eLibrary NamdhariElibrary@gmail.com

ਦੀ ਸ਼ਕਾਇਤ ਨਹੀਂ ਕਰਦਾ ਸਗੋਂ ਉਹ ਗ਼ਜ਼ਲ ਦੇ ਮਾਧਿਅਮ ਰਾਹੀਂ ਹਰ ਗੱਲ ਬੜੀ ਬੇਬਾਕੀ ਨਾਲ ਕਹਿਣੀ ਜਾਣਦਾ ਹੈ। 'ਪੰਛੀ' ਸਵੱਛ ਜੀਵਨ ਦਾ ਮੁਦੱਈ ਹੈ। ਉਹ ਕੌਮ ਨੂੰ ਨਿਰੀ ਨਾਹਰੇਬਾਜ਼ੀ ਤੇ ਅਫ਼ਰਾ ਤਫ਼ਰੀ ਦੀ ਤਰਗੀਬ ਜਾਂ ਉਕਸਾਹਟ ਦੇਣ ਤੋਂ ਗੁਰੇਜ਼ ਕਰਦਾ ਹੈ। ਉੱਚਿਤ ਸ਼ਬਦਾਵਲੀ, ਆਮ ਮੁਹਾਵਰੇ, ਢੁਕਵੇਂ ਬਿੰਬਾਂ ਤੇ ਪ੍ਰਤੀਕਾਂ ਦੀ ਸਹੀ ਵਰਤੋਂ ਕਿਸੇ ਵੀ ਰਚਨਾ ਨੂੰ ਚਾਰ ਚੰਨ ਲਾ ਦਿੰਦੇ ਹਨ। 'ਪੰਛੀ' ਨੇ ਆਪਣੀਆਂ ਗ਼ਜ਼ਲਾਂ ਵਿਚ ਇਨ੍ਹਾਂ ਦੀ ਵਰਤੋਂ ਬੜੇ ਸਲੀਕੇ ਨਾਲ ਕੀਤੀ ਹੈ। 'ਪੰਛੀ' ਹੁਸਨ ਇਸ਼ਕ ਦੀ ਗੱਲ ਕਰਨ ਲਗਿਆਂ ਵੀ ਲੋਕ ਪਿਆਰ ਦੀ ਧਾਰਾ ਨਾਲ ਆਪਣਾ ਰਿਸ਼ਤਾ ਜੋੜੀ ਰੱਖਣ ਵਿੱਚ ਸੁਚੇਤ ਤੇ ਸਫ਼ਲ ਹੈ। ਪੰਜਾਬੀ ਲੋਕ ਗੀਤ ਪੰਜਾਬੀ ਸੁਭਾਅ ਤੇ ਸਭਿਆਚਾਰ ਦਾ ਪ੍ਰਤੀਬਿੰਬ ਕਹੇ ਜਾ ਸਕਦੇ ਹਨ। 'ਪੰਛੀ' ਨੇ ਆਪਣੀਆਂ ਗ਼ਜ਼ਲਾਂ ਨੂੰ ਲੋਕ ਗੀਤਾਂ ਦੀ ਚਾਸ਼ਨੀ ਵੀ ਬਖਸ਼ੀ ਹੈ। 'ਪੰਛੀ' ਆਪਣੀ **ਸਰਦਲ** ਦੇ ਝਰੋਖੇ ਵਿੱਚ ਇੱਕ ਉਸਾਰੂ ਪ੍ਰਗਤੀਵਾਦੀ ਤੇ ਚਿੰਤਕ ਕਵੀ ਹੋਣ ਦਾ ਸੂਚਕ ਹੈ।

ਜੱਗ ਬਾਣੀ (ਜਲੰਧਰ) 'ਨਾਜ਼' ਭਾਰਤੀ (ਐਮ.ਏ.)

'ਪੰਛੀ' ਦੀਆਂ ਗ਼ਜ਼ਲਾਂ ਵਿੱਚ ਉਸ ਦਾ ਸੰਘਰਸ਼ਮਈ ਜੀਵਨ ਸਾਡੇ ਸਾਹਮਣੇ ਆਉਂਦਾ ਹੈ। ਉਸ ਦੀ ਕਾਵਿ-ਯਾਤਰਾ ਵਿੱਚ ਅਜਿਹਾ ਨਿੱਜ-ਪਣ ਹੈ ਜੋ ਪਰ ਦੇ ਪਰਾਂ ਨਾਲ ਉਡਾਰੀ ਮਾਰਦਾ ਹੈ ਇਸ ਲਈ ਉਸ ਦੀ ਕਾਵਿ-ਯਾਤਰਾ ਨਿੱਜ ਤੋਂ ਪਰ ਤੱਕ ਦੀ ਯਾਤਰਾ ਹੈ। ਜੀਵਨ ਦੀ ਠੀਕ ਉਸਾਰੀ ਲਈ 'ਪੰਛੀ' ਯੋਜਨਾਬਧ ਸੰਘਰਸ਼ ਨੂੰ ਬੜੀ ਪਹਿਲ ਦਿੰਦਾ ਹੈ। ਆਪਣੀ **ਸਰਦਲ** ਦੇ ਪ੍ਰਵੇਸ਼ ਨਾਲ ਲੋਕ-ਗ਼ਜ਼ਲਗੋ ਹੋ ਨਿਬੜਿਆ ਹੈ। ਲੋਕਾਂ ਦੀ ਗੱਲ ਕਰਨ ਵਾਲੇ ਕਵੀ ਹੀ ਤਾਂ ਲੋਕ ਪਰਵਾਨ ਹੋਇਆ ਕਰਦੇ ਹਨ।

ਵਰਿਆਮ (ਜਲੰਧਰ) —ਪ੍ਰੋ. ਧਰਮ ਚੰਦ ਵਾਤਿਸ਼
ਗੌ. ਕਾਲਜ (ਮਾਲੇਰ ਕੋਟਲਾ)

ਕਰਤਾਰ ਸਿੰਘ 'ਪੰਛੀ' ਦੀਆਂ ਗ਼ਜ਼ਲਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਲੈ ਕੇ ਚਲਦੀਆਂ ਹਨ। ਭਾਵ ਉਹਨਾਂ ਦੇ ਸ਼ਿਅਰਾਂ ਵਿੱਚ ਪੰਜਾਬ ਦਾ ਸਭਿਆਚਾਰਕ ਵਿਰਸਾ ਮੂਰਤੀਮਾਨ ਹੋ ਰਿਹਾ ਹੈ ਤੇ ਵਰਤਮਾਨ ਵੱਲ ਵੀ ਸਪਸ਼ਟ ਸੰਕੇਤ ਕਈ ਥਾਵਾਂ ਤੇ ਉਭਰਦੇ ਹਨ। ਗ਼ਜ਼ਲ ਦੇ ਮੁੱਢਲੇ ਨੇਮਾਂ ਦੀ ਸਮਝ 'ਪੰਛੀ' ਦੀ ਪ੍ਰਾਪਤੀ ਹੈ ਤੇ ਛੰਦਾਂ ਅਲੰਕਾਰਾਂ ਵਿਚ ਵੀ ਉਹ ਮਾਹਰ ਜਾਪਦਾ ਹੈ। ਸ਼ਬਦ ਚੋਣ ਵਿਸ਼ੇ ਅਨਕੂਲ ਹੈ ਤੇ ਸਪਸ਼ਟਤਾ **ਸਰਦਲ** ਦੀਆਂ ਪ੍ਰਮੁੱਖ ਗ਼ਜ਼ਲਾਂ ਦਾ ਮੂਲ ਗੁਣ ਹੈ।

ਪੰਜਾਬੀ ਟ੍ਰਿਬਿਊਨ (ਚੰਡੀਗੜ੍ਹ) ਪ੍ਰੋ. ਫੂਲ ਚੰਦ ਮਾਨਵ (ਬਠਿੰਡਾ)



Sri Satguru Jagjit Singh Ji eLibrary NamdhariElibrary@gmail.com

ਕਲਾ ਕਵੀ ਦੀ ਸਖਸ਼ੀਅਤ ਦਾ ਸ਼ੀਸ਼ਾ ਹੁੰਦੀ ਹੈ। ਸਰਦਲ ਪੜ੍ਹਨ ਤੋਂ ਬਾਅਦ 'ਪੰਛੀ' ਦੀ ਲੋਕ-ਹਿੱਤਾਂ ਵਿਚ ਡੁੱਬੀ ਸਖ਼ਸ਼ੀਅਤ ਸਾਡੇ ਸਾਹਵੇਂ ਆ ਜਾਂਦੀ ਹੈ। ਸਮਾਜ ਵਿਚ ਹੋ ਰਹੀ ਲੁੱਟ ਖਸੁਟ, ਕ੍ਰਿਤੀਆਂ ਦਾ ਅਜਾਈਂ ਵਹਿ ਰਿਹਾ ਖ਼ੂਨ ਪਸੀਨਾ, ਪਾਕ ਮੁਹਬਤ, ਅੱਜ ਦੀ ਸਮਾਜਿਕ ਪ੍ਰਸਥਿਤੀ ਆਦਿ ਵਿਸ਼ਿਆਂ ਨੂੰ ਕਵੀ ਨੇ ਕਵਿਤਾ ਦੇ ਮਾਧਿਅਮ ਰਾਹੀਂ ਬੜੀ ਖ਼ੂਬਸੂਰਤੀ ਨਾਲ ਵਰਨਣ ਕੀਤਾ ਹੈ।

ਕੌਮੀ ਦੇਣ (ਸੰਗਰੂਰ) —ਮੋਹਨ ਸ਼ਰਮਾ (ਸੰਗਰੂਰ)

## ਸਿਦਕ ਕਥੂਰੀ ਬਾਰੇ

**ਸਿਦਕ-ਕਥੂਰੀ** ਮੈਨੂੰ ਆਪਣੇ ਨਾਮ ਤੇ ਵਿਸ਼ੇ-ਵਸਤੂ ਦੀ ਉਤਮਤਾ ਵਲੋਂ ਸਰਵ ਸਲਾਹੁਣ ਯੋਗ ਲੱਗੀ ਹੈ। ਆਸ਼ਾਵਾਦੀ ਨਜ਼ਰੀਏ ਨਾਲ ਪਵਿਤਰਤਾ ਦੀ ਮੂਲ ਚੁਭਨ ਸੰਭਾਲੀ ਜੋ ਕੁੱਝ ਆਪ ਨੇ ਗ਼ਜ਼ਲਾਂ ਵਿਚ ਆਖਿਆ ਹੈ ਕਈ ਵਾਰ ਤਾਂ ਪਾਠਕ ਨੂੰ ਹੋਰ ਦੀ ਹੋਰ ਦੁਨੀਆਂ ਵਿਚ ਲੈ ਜਾਂਦਾ ਹੈ। ਵਿਸਮਾਦ ਅਤੇ ਆਨੰਦ ਦੀ ਦੁਨੀਆਂ ਤੋਂ ਬਿਨਾ ਭਲਾ ਸ੍ਰਿਸ਼ਟ ਕਵੀ ਕੋਲ ਕੀ ਹੁੰਦਾ ਹੈ ਦੇਣ ਨੂੰ! ਮਜ਼ਾ ਉਸ ਬੰਦੇ ਦੀ ਲੇਖਣ ਅਥਵਾ ਕਵਿਤਾ ਦਾ ਹੁੰਦਾ ਹੈ ਜੋ ਸੁਹਜ ਸੁਆਦ ਅਤੇ ਪਿਆਰ ਉਮਾਹ ਨਾਲ ਰਿਸ਼ਤਿਆਂ ਦੀ ਪਾਵਨਤਾ ਵੀ ਬਰਕਰਾਰ ਰੱਖੇ।

ਇਕ ਪੱਤਰ —ਪ੍ਰੀਤਮ ਸਿੰਘ ਕਵੀ (ਦਿਲੀ)

ਕਰਤਾਰ ਸਿੰਘ 'ਪੰਛੀ' ਕਾਫ਼ੀ ਕੋਮਲ ਚਿੱਤ, ਧੁਨ ਦਾ ਪੱਕਾ ਅਤੇ ਤੋਲ ਤੁਕਾਂਤ ਦਾ ਜਾਣੂ ਤੇ ਹੰਢਿਆ ਹੋਇਆ ਗ਼ਜ਼ਲਕਾਰ ਹੈ। ਇਸ ਦੀਆਂ ਗ਼ਜ਼ਲਾਂ ਵਿਚ ਦਿਲਬਰ ਦੇ ਗ਼ਮ ਅਤੇ ਦੁਨੀਆਂ ਦੇ ਗ਼ਮ ਦਾ ਇਕ ਅਨੂਠਾ ਸੰਗਮ ਪਾਇਆ ਜਾਂਦਾ ਹੈ।

ਉਸ ਦਾ ਪਿਆਰ ਸ਼ਰਧਾ ਤੇ ਭਗਤੀ ਤੱਕ ਦਾ ਦਰਜਾ ਪ੍ਰਾਪਤ ਕਰ ਚੁੱਕਾ ਹੈ। ਉਹ ਪੱਥਰ-ਚਿੱਤ ਲੋਕਾਂ ਦੇ ਇਸ ਸੰਸਾਰ ਵਿਚ ਪਿਆਰ ਕਰਨ ਵਾਲਿਆਂ ਦੀਆਂ ਸੋਹਲ-ਭਾਵਨਾਵਾਂ ਦਾ ਕਾਇਲ ਹੈ। ਬ੍ਰਿਹਾ ਪੀੜਾ ਨਾਲ ਭਰਪੂਰ, ਪਿਆਰ ਪ੍ਰਤੀ ਇਹ ਆਸ਼ਾਵਾਦੀ ਪੈਂਤੜਾ 'ਪੰਛੀ' ਨੂੰ ਪੰਜਾਬੀ ਦੇ ਉਹਨਾਂ ਪਰੰਪਰਾਵਾਦੀ ਕਵੀਆਂ ਜਾਂ ਗ਼ਜ਼ਲਕਾਰਾਂ ਤੋਂ ਨਿਖੇੜਦਾ ਅਤੇ ਉਚਿਆਉਂਦਾ ਹੈ ਜਿਨ੍ਹਾਂ ਦੀ ਕਾਵਿ-ਵੀਣਾ ਦਾ ਮੁੱਖ ਸੁਰ ਨਿਰਾਸ਼ਾਵਾਦੀ ਹੈ।

ਵਾਸ਼ਨਾ ਰਹਿਤ ਹੁਸਨ ਪ੍ਰਸਤੀ ਵੀ 'ਪੰਛੀ' ਨੂੰ ਵਾਸ਼ਨਾਵਾਦੀ ਕਵੀਆਂ ਤੋਂ ਮੁਮਤਾਜ਼ ਕਰਦੀ ਹੈ।



Sri Satguru Jagjit Singh Ji eLibrary NamdhariElibrary@gmail.com

'ਪੰਛੀ' ਮਾਨਵ-ਵਾਦੀ ਵਿਚਾਰਧਾਰਾ ਦਾ ਕਵੀ ਹੈ। ਉਹ ਸੰਸਾਰ 'ਤੇ ਮਨੁੱਖੀ ਸ਼ਾਂਤੀ ਦਾ ਸਮੱਰਥਕ ਹੈ। ਕਵੀ ਸੰਸਾਰ ਵਿਚ ਹੋ ਰਹੇ ਵਰਗ ਸੰਘਰਸ਼ ਦੇ ਸਿੱਟਿਆਂ ਤੋਂ ਜਾਣੂ ਹੈ। ਉਸ ਨੂੰ ਪਤਾ ਹੈ ਕਿ ਇਸ ਘੋਲ ਵਿਚ ਅੰਤ ਨੂੰ ਜਿੱਤ ਦਾ ਸਿਹਰਾ ਸ਼ੋਸ਼ਿਤਾਂ ਤੇ ਕਿਰਤੀਆਂ ਦੇ ਸਿਰ ਹੋਣਾ ਹੈ ਅਤੇ ਸ਼ੋਸ਼ਕਾਂ ਅਤੇ ਵਿਹਲੜਾਂ ਨੇ ਮੂੰਹ ਦੀ ਖਾਣੀ ਹੈ। 'ਪੰਛੀ' ਨੂੰ ਇਸ ਪੁਆੜਿਆਂ ਭਰੇ ਪੂੰਜੀਵਾਦੀ ਸਮਾਜ ਨਾਲ ਦਿਲੀ ਨਫ਼ਰਤ ਹੈ।

'ਪੰਛੀ' ਪ੍ਰੇਮ-ਬਾਨ ਨਾਲ ਵਿੰਨ੍ਹਿਆ ਆਪਣੇ ਘਾਇਲ ਹਿਰਦੇ ਨੂੰ ਪਕੜ ਕੇ ਨਹੀਂ ਬੈਠਿਆ ਸਗੋਂ ਉਸ ਦੀ ਆਪਣੇ ਚੌਗਿਰਦੇ ਦੇ ਸਮਾਜਿਕ, ਰਾਜਨੀਤਕ ਅਤੇ ਆਰਥਿਕ ਆਦਿ ਹਾਲਾਤ ਉੱਤੇ ਵੀ ਕਸਵੀਂ ਪੱਕੜ ਹੈ ਜੋ ਉਸ ਨੂੰ ਡੂੰਘੀ ਸਮਾਜਿਕ-ਸੂਝ ਬਖ਼ਸ਼ਦੀ ਹੈ ਜਿਸ ਨਾਲ ਉਸ ਦੇ ਗ਼ਜ਼ਲ ਸੰਸਾਰ ਵਿਚ ਕਾਫ਼ੀ ਵੰਨ-ਸੁਵੰਨਤਾ, ਸੰਵੇਦਨਾ ਅਤੇ ਹਰ ਪਰਕਾਰ ਦੇ ਪਾਠਕਾਂ ਨੂੰ ਟੁੰਬਣ ਵਾਲੀ ਤਿੱਖੀ ਅਪੀਲ ਆ ਗਈ ਹੈ।

—ਡਾ. ਪ੍ਰੀਤਮ ਸੈਨੀ (ਸੰਗਰੂਰ)

ਕਰਤਾਰ ਸਿੰਘ 'ਪੰਛੀ' ਆਧੁਨਿਕ ਤਨਾਉ ਗ੍ਰਸੇ ਜੀਵਨ ਵਿਚ, ਉਸ ਦੇ ਮਨ ਵਿਚ ਪੈਦਾ ਹੁੰਦੀ ਆਧੁਨਿਕ ਸੰਵੇਦਨਾ ਰਾਹੀਂ ਜੀਵਨ ਅਨੁਭਵ ਨੂੰ ਕਵਿਤਾ ਦੇ ਗ਼ਜ਼ਲ ਰੂਪ ਰਾਹੀਂ ਅਭਿਵਿਅਕਤ ਕਰਨ ਦਾ ਚਾਹਵਾਨ ਹੈ। ਕਵੀ ਦੇ ਮਨ ਵਿਚ ਜੋ ਭਾਵ ਉਪਜਦੇ ਹਨ ਉਹ ਉਸ ਤਨਾਉ ਦੀ ਦੇਣ ਹਨ ਜੋ ਇਤਿਹਾਸਕ, ਸਮਾਜਿਕ, ਰਾਜਨੀਤਕ, ਆਰਥਿਕ ਤੇ ਗਤੀਸ਼ੀਲ ਦਵੰਦ ਵਿਚੋਂ ਪੈਦਾ ਹੁੰਦੇ ਹਨ। ਇੰਝ 'ਪੰਛੀ' ਕਵੀ ਦੇ ਤੌਰ ਤੇ ਆਪਣੇ ਨਿੱਜ ਅਤੇ ਪਰ ਦੀ ਸੰਵੇਦਨਾ ਵਿਚ ਵਿਚਰਦਾ ਹੈ। ਉਸ ਦੇ ਨਿੱਜ ਵਿਚ ਪਰ ਅਤੇ ਪਰ ਵਿਚ ਨਿੱਜ ਹੈ। 'ਪੰਛੀ' ਆਪਣੇ ਕਾਵਿ ਦੀ ਇਤਿਹਾਸਕ-ਯਾਤਰਾ ਵਿਚ ਆਤਮ ਤੋਂ ਅਨਾਤਮ ਵੱਲ ਨੂੰ ਵਧ ਰਿਹਾ ਹੈ ਪੰਛੀ' ਦੀਆਂ ਗ਼ਜ਼ਲਾਂ ਵਿਚ ਜਿਥੇ ਪੁਖ਼ਤਾ ਅਨੁਭਵ ਹੈ ਉੱਥੇ ਸ਼ਿੱਦਤਮਈ ਜਜ਼ਬਾਤ ਵੀ ਹੈ।

'ਪੰਛੀ' ਦੀ ਅੰਤ੍ਰੀਵ-ਭਾਵਨਾ ਵਿਚ ਜ਼ਿੰਦਗੀ ਲਈ ਸਦਭਾਵਨਾ ਹੈ ਉਹ ਸਮੁੱਚੀ ਲੋਕਾਈ ਦੀ ਖ਼ੈਰ ਮੰਗਦਾ ਹੈ। 'ਪੰਛੀ' ਦੀ ਕਾਵਿ ਸੰਵੇਦਨਾ ਵਿਚ ਗਿਆਨ ਵਿਗਿਆਨ ਅਤੇ ਯਥਾਰਥ ਹੈ। ਇਹੋ ਕਾਰਨ ਹੈ ਕਿ ਉਸ ਨੇ ਸਥਾਪਤ ਪ੍ਰਤਿਮਾਨਾਂ ਵਿਰੁੱਧ ਬਗ਼ਾਵਤ ਕੀਤੀ ਹੈ। ਉਸ ਵਿਚ ਮਚਲਦੇ ਅਰਮਾਨਾਂ ਦੀ ਸ਼ਕਤੀ ਹੈ, ਸਿਦਕ ਹੈ। ਅਸਲ ਜ਼ਿੰਦਗੀ ਦੇ ਵਿਕਾਸ ਕ੍ਰਮ ਦਾ ਧੁਰਾ ਹੈ। ਏਸੇ ਲਈ ਕਵੀ ਅਮਲ ਵਿਚ ਵਿਸ਼ਵਾਸ਼ ਕਰਦਾ ਹੋਇਆ ਤੂਫ਼ਾਨਾਂ ਸੰਗ ਟੱਕਰ ਲੈਣ ਤੋਂ ਵੀ ਸੰਕੋਚ ਨਹੀਂ ਕਰਦਾ।

'ਪੰਛੀ' ਦੇ ਅਨੁਭਵ ਦੀ ਵੱਖਰੀ ਪਹਿਚਾਣ ਉਸ ਵਿਚਲੀ ਪਰਪਕਤਾ ਤੇ ਸੂਝ



Sri Satguru Jagjit Singh Ji eLibrary NamdhariElibrary@gmail.com

ਕਾਰਨ ਹੈ। 'ਪੰਛੀ' ਨੂੰ ਪਤਾ ਹੈ ਕਿ ਲੋਕ-ਮਾਨਸ ਵਿਚ ਜੋ ਸੰਬਾਦਕ ਤਨਾਉ ਹੈ ਉਸ ਦੀ ਨਿਵ੍ਰਿਤੀ ਕੇਵਲ ਸ਼ਰੇਣੀ ਸੰਗਠਿਤ ਸ਼ਕਤੀ ਰਾਹੀਂ ਹੀ ਸੰਭਵ ਹੈ। ਪ੍ਰੋਲੋਤਾਰੀ ਸ਼੍ਰੇਣੀ ਹੀ, ਸ਼੍ਰੇਣੀ ਰਹਿਤ ਸਮਾਜ ਦੇ ਨਿਰਮਾਣ ਲਈ ਪੂਰਨ ਯੋਗਦਾਨ ਪਾ ਸਕਦੀ ਹੈ। ਸਮਾਜ ਦੇ ਦੁੱਖਾਂ ਦਾ ਅੰਤ ਕੇਵਲ ਇਸ ਧਰਤੀ ਦੇ ਲੋਕ ਹੀ ਕਰ ਸਕਦੇ ਹਨ। ਉਹ ਸਾਦੇ ਪਰ ਅਰਥ-ਭਰਪੂਰ ਲਹਿਜੇ ਵਿਚ ਜਾਗ੍ਰਿਤੀ ਦੇ ਸੂਚਕ ਸੁਨੇਹੜੇ ਦਿੰਦਾ ਹੈ। ਪੰਛੀ' ਦੀ ਕੋਸ਼ਿਸ਼ ਆਧੁਨਿਕ ਜੀਵਨ ਦੇ ਹਨੇਰੇ ਨੂੰ ਚਿਤਰਣ ਦੀ ਥਾਂ ਉਸ ਵਿਚੋਂ ਨਵੇਂ ਸੰਕਲਪ ਲੱਭਣ ਦੀ ਹੈ। ਖ਼ਲਕਤ ਵਿਚ ਖਾਲਕ ਦੇ ਦਰਸ਼ਨ ਕਰਨੇ 'ਪੰਛੀ' ਦੀ ਉਸਾਰੂ ਦ੍ਰਿਸ਼ਟੀ ਦਾ ਕਮਾਲ ਹੈ।

'ਪੰਛੀ' ਸਥਾਪਿਤ ਪਰੰਪਰਾਗਤ ਪ੍ਰਤਿਮਾਨਾਂ ਤੋਂ ਹਟ ਕੇ ਗੱਲ ਕਰਦਾ ਹੈ। ਉਸ ਕੋਲ ਜੇਰਾ ਹੈ ਸਿਦਕ ਹੈ ਜੋ ਸਾਨੂੰ ਸੰਘਰਸ਼ ਕਰਨ ਲਈ ਪ੍ਰੇਰਨਾ ਦਿੰਦਾ ਹੈ। ਸੰਘਰਸ਼ ਜਿਸ ਨਾਲ ਜ਼ਿੰਦਗੀ ਦੇ ਦੁੱਖ ਘੱਟ ਸਕਦੇ ਹਨ। ਧਰਤੀ 'ਤੇ ਅਮਨ ਚੈਨ ਆ ਸਕਦਾ ਹੈ। 'ਪੰਛੀ' ਕੋਲ ਪਰੰਪਰਾਗਤ ਵਸਤੂ ਨੂੰ ਨਵੇਂ ਅੰਦਾਜ਼ ਵਿਚ ਪੇਸ਼ ਕਰਨ ਦੀ ਕਾਵਿ ਜੁਗਤ ਵੀ ਹੈ। 'ਪੰਛੀ' ਇਕ ਗਤੀਸ਼ੀਲ ਵਿਚਾਰਾਂ ਵਾਲਾ ਕਵੀ ਹੈ।

—ਡਾ. ਅਮਰ ਕੋਮਲ (ਬਰਨਾਲਾ)

ਉਹ ਇਕ ਆਧੁਨਿਕ ਭਾਵ-ਬੋਧ ਦਾ ਜਨਵਾਦੀ ਗ਼ਜ਼ਲਗੋ ਹੈ। ਸਰਲਤਾ ਉਸ ਦੀ ਗਜ਼ਲ ਦਾ ਮੀਰੀ ਗੁਣ ਹੈ। ਇਹ ਸਰਲਤਾ ਹੀ ਉਸ ਦੇ ਪਾਠਕ ਵਰਗ ਦੇ ਘੇਰੇ ਨੂੰ ਜਨ-ਸਾਧਾਰਨ ਨਾਲ ਜਾ ਜੋੜਦੀ ਹੈ।

ਕਰਤਾਰ ਸਿੰਘ 'ਪੰਛੀ' ਦੀਆਂ ਗ਼ਜ਼ਲਾਂ ਵਿਚ ਜਨ-ਵਾਦੀ ਕਾਵਿ-ਅਨੁਭੂਤੀਆਂ ਮਨੁੱਖ ਦੀਆਂ ਸਮਾਜਿਕ, ਆਰਥਿਕ, ਸੰਗਤੀਆਂ, ਵਿਸੰਗਤੀਆਂ ਦੀ ਅਭਿਵਿਅਕਤੀ ਸਮੇਂ ਨਿਖੇਧਾਤਮਿਕ ਅਤੇ ਨਿਕਾਰਾਤਮਿਕ ਕਰੁੱਚੀਆਂ ਤੋਂ ਉਸ ਦੇ ਜੀਵਨ ਪ੍ਰਤੀ ਸਿਹਤਮੰਦ ਅਤੇ ਸਾਰਥਕ ਦ੍ਰਿਸ਼ਟੀਕੋਣ ਕਾਰਣ ਬਚੀਆਂ ਰਹੀਆਂ ਹਨ। ਉਹ ਮਨੁੱਖੀ ਰਿਸ਼ਤਿਆਂ ਵਿਚਕਾਰ ਦਵੰਦ ਨੂੰ ਉਸਾਰੂ ਅਤੇ ਆਸ਼ਾਵਾਦੀ ਕਾਵਿ ਅਭਿ-ਵਿਅਕਤੀ ਦਿੰਦਾ ਹੈ।

'ਪੰਛੀ' ਪਿਆਰ ਦਾ ਦੀਪਕ ਕਿਸੇ ਉਹਲੇ ਵਿਚ ਨਹੀਂ ਬਾਲਦਾ ਉਸ ਦਾ ਇਹ ਦੀਪਕ ਸਮੁੱਚੇ ਜੀਵਨ ਦੇ ਹਨੇਰੇ ਰਾਹਾਂ ਲਈ ਹੈ। ਉਸ ਦਾ ਸੰਘਰਸ਼ ਮਨੁੱਖੀ ਹਿੱਤਾਂ ਲਈ ਹੈ। ਇਸ ਲਈ ਉਹ ਸੰਘਰਸ਼ ਦੀ ਪ੍ਰਤੀਕ ਤਲਵਾਰ ਨੂੰ ਉਸੇ ਸੀਮਾ ਤੱਕ ਜਾਇਜ਼ ਸਮਝਦਾ ਹੈ ਜਿਸ ਸੀਮਾ ਤੱਕ ਉਹ ਜਨਹਿੱਤ ਲਈ ਲਾਭਦਾਇਕ ਹੈ। ਸਿਦਕ ਕਥੂਰੀ ਵਿਚ ਸੁਨਿਸ਼ਚਤ ਦ੍ਰਿਸ਼ਟੀਕੋਣ ਦੀ ਮਹਿਕ ਹੈ।

ਨਵਾਂ ਜ਼ਮਾਨਾ (ਜਲੰਧਰ) —ਡਾ. ਐਸ. ਤਰਸੇਮ (ਮਲੇਰ ਕੋਟਲਾ)

ਕ. ਸ. 'ਪੰਛੀ' ਨੇ ਪਰੰਪਰਾਵਾਦ, ਪ੍ਰਗਤੀਵਾਦ ਆਦਿ ਵਾਕਾਂ ਦਾ ਸਹਾਰਾ



Sri Satguru Jagjit Singh Ji eLibrary NamdhariElibrary@gmail.com

ਤਾਂ ਲਿਆ ਹੈ ਪਰ ਅਤਿਵਾਦ ਦੇ ਆਤੰਕਵਾਦ ਤੋਂ ਥੋੜਾ ਦੂਰ ਰਿਹਾ ਹੈ। ਗ਼ਜ਼ਲ ਦੇ ਪਿੜ ਵਿਚ ਇਕ ਨਾਮਵਰ ਸ਼ਾਹ-ਸਵਾਰ ਹੋ ਨਿਬੜਿਆ ਹੈ। ਗ਼ਜ਼ਲ 'ਪੰਛੀ' ਦੇ ਦਿੱਲ ਵਿਚ ਘਰ ਕਰ ਚੁੱਕੀ ਹੈ।

ਗੱਲ ਭਾਵੇਂ ਪ੍ਰੇਮੀ ਜਾਂ ਪ੍ਰੇਮਿਕਾ ਦੀ ਕਰਦਾ ਹੈ ਪਰ ਉਸ ਦਾ ਨਿਸ਼ਾਨਾ ਮਾਨਵ-ਪ੍ਰੇਮ ਵਾਲਾ ਹੁੰਦਾ ਹੈ। ਇਸ ਸੂਝਵਾਨ ਕਵੀ ਦੇ ਖਿਆਲ ਬੜੇ ਪਰਪੱਕ ਹਨ। 'ਪੰਛੀ' ਦਾ ਦਿਲ ਦੁਖੀਆਂ ਦੇ ਦਰਦ ਲਈ ਭਰਿਆ ਪਿਆ ਹੈ। ਆਪਣੀ ਗ਼ਰੀਬੀ ਦਾ ਜ਼ਿਕਰ ਕਰਦੇ ਹੋਏ ਉਹ ਦਰਸ਼ਨ ਸਿੰਘ ਆਵਾਰਾ ਵਾਂਗ ਉਸ ਸਰਬ ਸ਼ਕਤੀ-ਮਾਨ ਪ੍ਰਮਾਤਮਾ ਦੇ ਵਿਰੁਧ ਬਗਾਵਤ ਦਾ ਝੰਡਾ ਬੁਲੰਦ ਕਰਨ ਤੋਂ ਨਹੀਂ ਝਿਜਕਦਾ।

ਨਵੀਨਵਾ, ਮੌਲਕਤਾ ਤੇ ਸਪਸ਼ਟਤਾ ਉਸ ਦੀ ਕਾਵਿ ਕਲਾ ਦੇ ਵਿਸ਼ੇਸ਼ ਗੁਣ ਹਨ ਤੇ ਸ਼ੈਲੀ ਦੀ ਵਿਲੱਖਣਤਾ ਉਸ ਦੀਆਂ ਸਾਰੀਆਂ ਗ਼ਜ਼ਲਾਂ ਵਿਚ ਪਰਗਟ ਹੁੰਦੀ ਹੈ। 'ਪੰਛੀ' ਦੀ ਇਹ ਪੁਸਤਕ ਬਹੁ-ਪੱਖੀ ਬੌਧਕ ਸੋਚ ਅਤੇ ਡੂੰਘੇ ਗਿਆਨ ਦੀ ਪ੍ਰਤੀਕ ਹੈ।

ਸਚਿੱਤਰ ਪੰਜਾਬ ਪੱਤ੍ਰਿਕਾ — **-ਅਨੰਤ ਸਿੰਘ ਕਾਬਲੀ** (ਮੁਹਾਲੀ)

**ਸਿਦਕ-ਕਥੂਰੀ** ਗ਼ਜ਼ਲ ਸੰਗ੍ਰਹਿ ਨਾਲ 'ਪੰਛੀ' ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਸੂਫੀ ਕਵੀ ਹੋ ਨਿਬੜਿਆ ਹੈ। ਜਿਹੜੀਆਂ ਹੋਰ ਗੱਲਾਂ ਇਸ ਆਧੁਨਿਕ-ਸੂਫੀ ਦੇ ਮਾਰਗ 'ਤੇ ਚਲਦਿਆਂ ਰਸਤੇ ਵਿਚ ਆਉਂਦੀਆਂ ਉਹ ਹਨ—ਅਮੀਰੀ-ਗਰੀਬੀ ਦਾ ਪਾੜਾ, ਜੀਵਨ ਦੀ ਆਸ਼ਾ-ਨਿਰਾਸ਼ਾ, ਧਰਤੀ ਤੇ ਸੁਰਗ ਲਿਆਉਣ ਦੀ ਇੱਛਾ, ਹੁਸਨ ਤੇ ਇਸ਼ਕ, ਵਾਸ਼ਨਾਵਾਦੀ ਜੀਵਨ ਤੋਂ ਨਫਰਤ, ਧਾਰਮਿਕ ਸੰਕੀਰਣਤਾ ਨਾਲ ਘ੍ਰਿਣਾ, ਤਕਦੀਰ ਦਾ ਚੱਕਰ, ਭੁੱਖੜ ਲੋਕਾਂ ਦੀ ਦਸ਼ਾ, ਸਮਾਜ ਅਤੇ ਧਾਰਮਿਕ ਸੰਕੀਰਨਤਾ ਦੀਆਂ ਗਲਤ ਕੀਮਤਾਂ, ਮਤਲਬੀ ਲੋਕਾਂ ਦਾ ਕਿਰਦਾਰ ਆਦਿ। ਆਧੁਨਿਕ-ਸੂਫੀ ਲੋਕ-ਗ਼ਜ਼ਲਗੋ ਕਵੀ ਦੀ ਭਾਸ਼ਾ ਬੜੀ ਸਾਧਾਰਨ ਹੈ ਪਰ ਵਿਚਾਰ ਬੜੇ ਡੂੰਘੇ ਹਨ।

ਨਵਾਂ ਸਾਹਿਤ (ਦਿਲੀ) — **-ਪ੍ਰੋ. ਧਰਮ ਚੰਦ ਵਾਤਿਸ਼** (ਮਾਲੇਰ ਕੋਟਲਾ)

'ਪੰਛੀ' ਆਧੁਨਿਕ ਤਨਾਓ ਗ੍ਰਸੇ ਸਮਾਜਕ ਜੀਵਨ ਵਿਚ ਆਪਣੇ ਮਨ ਵਿਚ ਪੈਦਾ ਹੁੰਦੀ ਸੰਵੇਦਨਾ ਰਾਹੀਂ ਜੀਵਨ ਅਨੁਭਵ ਨੂੰ ਕਾਵਿ ਦੇ ਗ਼ਜ਼ਲ-ਰੂਪ ਰਾਹੀਂ ਪੇਸ਼ ਕਰਨਾ ਚਾਹੁੰਦਾ ਹੈ। ਉਸ ਦੀ ਸੰਵੇਦਨਾ ਉਪਰ ਗਤੀਸ਼ੀਲ ਦਵੰਦ ਦਾ ਪ੍ਰਭਾਵ ਹੈ ਜਿਸ ਵਿਚ ਤਨਾਉ ਉਪਜਦਾ ਹੈ। ਉਸ ਦੀਆਂ ਗ਼ਜ਼ਲਾਂ ਦੀ ਥੀਮ ਸੰਰਚਨਾ ਵਿਚ ਨਿੱਜ ਵੀ ਹੈ ਤੇ ਪਰ ਵੀ। ਪੰਛੀ' ਪਿਆਰ ਨੂੰ ਜੀਵਨ ਦਾ ਰਾਜ਼ ਮੰਨਦਾ ਹੈ। 'ਪੰਛੀ' ਨੇ ਪੰਜਾਬੀ ਕਾਵਿ ਵਿਕ ਇਕ ਮਾਣ ਭਰਿਆ ਹਿੱਸਾ ਪਾਇਆ ਹੈ।

ਜਾਗ੍ਰਤੀ (ਚੰਡੀਗੜ੍ਹ) — **-ਡਾ: ਸ਼ਰਨਜੀਤ ਕੌਰ**



Sri Satguru Jagjit Singh Ji eLibrary NamdhariElibrary@gmail.com

ਮੈਨੂੰ ਤੇਰੀਆਂ ਗ਼ਜ਼ਲਾਂ ਦੀ ਗ਼ਜ਼ਲ-ਕਲਾ ਵਿਚ ਬਹੁਤ ਚੰਗੇ ਅਤੇ ਹੋਣਹਾਰ ਕਵੀਆਂ ਜਾਂ ਗਜ਼ਲਕਾਰਾਂ ਨਾਲੋਂ ਵਧੀਕ ਗੁਣ/ਸਮਰਥਾ ਮਹਿਸੂਸ ਹੋਈ ਹੈ। ਜਿਨ੍ਹਾ ਤੇਰੀਆਂ ਗਜ਼ਲਾਂ ਨੇ ਮੈਨੂੰ ਮੁਤਾਸਿਰ ਕੀਤਾ ਹੈ। ਸ਼ਾਇਦ ਹੀ ਕਿਸੇ ਨਵੇਂ ਪੁਰਾਣੇ ਕਵੀ ਨੇ ਏਨਾ ਪ੍ਰਭਾਵਿਤ ਕੀਤਾ ਹੈ। ਇਹੀ ਇਕ ਚੰਗੇ ਤੇ ਸੁਲਝੇ ਸ਼ਾਇਰ ਦੀ ਕਰਾਮਾਤ ਹੈ। ਫੇਰ ਤੇਰੀ ਸ਼ਬਦਾਵਲੀ, ਸ਼ਬਦ ਚੋਣ ਤੇ ਪੰਜਾਬੀ ਮੁਹਾਵਰਾ ਆਪਣਾ ਹੈ। ਇਸੇ ਲਈ ਤੇਰੀ ਗਜ਼ਲ ਦੀ ਪਛਾਣ ਇਕ ਨਿਵੇਕਲੇ ਸੁਰ ਵਿਚ ਹੈ। ਖ਼ਾਸ ਤੌਰ ਤੇ ਰਦੀਫ਼ ਦੀ ਪੱਕੜ ਬੜੀ ਪੀਡੀ ਹੈ।

(ਇਕ ਪੱਤਰ) —ਡਾ. ਐਮ. ਐਸ. ਅੰਮ੍ਰਿਤ (ਰੀਡਰ)
ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ

ਕਰਤਾਰ ਸਿੰਘ ਪੰਛੀ' ਇਕ ਪ੍ਰਬੁਧ ਗਜ਼ਲਕਾਰ ਹੈ। ਜੋ ਗ਼ਜ਼ਲ ਦੀ ਸ਼ਰੇਸ਼ਟਤਾ ਤੋਂ ਭਲੀਭਾਂਤ ਜਾਣੂ ਹੈ। 'ਪੰਛੀ' ਨੇ ਆਧੁਨਿਕ ਲਘੂ ਮਾਨਵ ਦੀਆਂ ਮਨੋਸਥਿਤੀਆਂ, ਜੀਵਨ ਦੇ ਅੰਤਰ ਵਿਰੋਧਾਂ, ਮਨ ਅੰਦਰਲੀ ਟੁੱਟ ਭੱਜ ਤੇ ਉਸ ਤੋਂ ਉਪਜੇ ਤਣਾਓ ਨੂੰ ਬੜੇ ਹੀ ਕਲਾਤਮਕ ਢੰਗ ਨਾਲ ਬਿਆਨ ਕੀਤਾ ਹੈ। 'ਪੰਛੀ' ਨੇ ਆਪਣੀਆਂ ਗਜ਼ਲਾਂ ਰਾਹੀਂ ਸਮਕਾਲੀ ਦ੍ਰਿਸ਼ਟੀਕੋਣ ਅਤੇ ਮਨੁੱਖੀ ਚੇਤਨਾ ਦੇ ਸਮਾਜਿਕ; ਇਤਿਹਾਸਕ ਤੇ ਪ੍ਰਾਕਿਰਤਕ ਵਰਤਾਰਿਆਂ ਨੂੰ ਬਿਆਨਿਆਂ ਹੈ। 'ਪੰਛੀ' ਦੀ ਸ਼ਾਇਰੀ ਵਿਚ ਪ੍ਰਗਤੀਸ਼ੀਲਤਾ ਦੇ ਤੇਵਰ ਹਨ ਅਤੇ ਸਮਾਜਿਕ ਕਦਰਾਂ ਕੀਮਤਾਂ ਵਿਚ ਬੇਅਨੇਮਤਾ ਕਾਰਨ ਉਪਜਿਆ ਆਕ੍ਰੋਸ਼ ਹੈ।

ਕਰਤਾਰ ਸਿੰਘ 'ਪੰਛੀ' ਗਤੀ; ਕਰਮ ਤੇ ਸੰਘਰਸ਼ ਦਾ ਕਵੀ ਹੈ। ਸ਼ੇਅਰਾਂ ਦੀ ਸਾਦਗੀ; ਵਿਚਾਰਾਂ ਦੀ ਸੂਖਮਤਾ, ਸੰਸਾਰ ਦੀ ਸਮਰੱਥਾ ਤੇ ਸੰਵਾਦਮਈ ਭਾਸ਼ਾ ਯੁਗਤਾਂ ਨੂੰ ਅਪਣਾ ਕੇ ਸੁਹਜ ਦੇ ਖੇਤਰ ਵਿਚ ਵਸ਼ਿਸ਼ਟ ਉਪਲਭਦੀਆਂ ਪ੍ਰਾਪਤ ਕੀਤੀਆਂ ਹਨ।

ਅਜੀਤ (ਜਲੰਧਰ) —ਸੀ. ਮਾਰਕੰਡਾ (ਤਪਾ ਮੰਡੀ)

'ਸਿਦਕ-ਕਥੂਰੀ' ਦੀਆਂ ਗਜ਼ਲਾਂ ਬੜੀਆਂ ਪਿਆਰੀਆਂ ਹਨ। ਪੜ੍ਹ ਕੇ ਮਨ ਨਸ਼ਿਆ ਗਿਆ। ਤੁਸੀਂ ਕਿੰਨਾ ਸੋਹਣਾ ਲਿਖਦੇ ਹੋ ਮੈਨੂੰ ਪਹਿਲਾਂ ਤੋਂ ਹੀ ਅਹਿਸਾਸ ਹੈ।

—ਇੱਕ ਪੱਤਰ ਰਾਹੀਂ— ਪਿਆਰਾ ਸਿੰਘ ਦਾਤਾ (ਦਿੱਲੀ)



Sri Satguru Jagjit Singh Ji eLibrary NamdhariElibrary@gmail.com

## o ਕੁਝ ਹੋਰ ਵਿਚਾਰ

ਪ੍ਰਗਤੀਵਾਦੀ ਗ਼ਜ਼ਲ ਦੇ ਲੇਖੇ ਜੋਖੇ 'ਚੋਂ 'ਪੰਛੀ' ਦੀ ਗ਼ਜ਼ਲ ਨੂੰ ਬਾਹਰ ਰੱਖੇ ਜਾਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਉਸ ਨੇ ਸ਼ੁਗਲ ਮੇਲੇ ਲਈ ਕਦੀ ਨਹੀਂ ਲਿਖਿਆ। ਹਮੇਸ਼ਾ ਗੰਭੀਰ ਪ੍ਰਗਤੀਵਾਦੀ ਵਿਚਾਰ ਸਾਦਾ ਬੋਲੀ ਵਿੱਚ ਪੇਸ਼ ਕੀਤੇ ਹਨ।

ਪੰਜਾਬੀ ਦਰਪਨ (ਲੰਡਨ) — **ਕੇ.ਸੀ. ਮੋਹਨ (ਐਡੀਟਰ)**

ਕਰਤਾਰ ਸਿੰਘ 'ਪੰਛੀ' ਆਪਣੀ ਗ਼ਜ਼ਲ ਵਿੱਚ ਆਪਣੇ ਘਰੇਲੂ ਰੰਗ ਨੂੰ ਕਾਇਮ ਰਖਦਾ ਹੈ। ਉਹਦੀ ਕਵਿਤਾ ਵਿੱਚ ਗ਼ਮ, ਹਉਕੇ, ਦੋਸਤੀ, ਘਰ ਦਾ ਅਹਿਸਾਸ ਤੇ ਅਕਾਸ਼ ਉਡਾਰੀ ਸਭ ਕੁੱਝ ਹੈ। ਉਹਦੀ ਕਵਿਤਾ ਇੱਕ ਦੁਨੀਆਂ-ਦਾਰ ਮਨੁੱਖ ਦੀ ਕਿਰਤ ਹੋ ਨਿਬੜੀ ਹੈ।

ਜੱਗ ਬਾਣੀ (ਹਫ਼ਤੇ ਦਾ ਕਵੀ) — **ਰਾਮ ਸਰੂਪ ਅਣਖੀ (ਬਰਨਾਲਾ)**

ਕਰਤਾਰ ਸਿੰਘ 'ਪੰਛੀ' ਬੜੀ ਪਿਆਰੀ ਸਖਸ਼ੀਅਤ ਹੈ। ਬੜੀ ਦੇਰ ਤੋਂ ਲਿਖਦਾ ਆ ਰਿਹਾ ਹੈ। ਕਲਮ ਦਾ ਬਿਆਨ ਬੜੀ ਖੂਬਸੂਰਤੀ ਅਤੇ ਬਰੀਕੀ ਨਾਲ ਕਰਦਾ ਹੈ। ਉਹਦੀ ਗ਼ਜ਼ਲ ਦੇ ਸ਼ਿਅਰਾਂ ਵਿੱਚ ਰਵਾਨੀ ਹੈ ਤੇ ਇੱਕ-ਸੁਰਤਾ ਹੈ। ਉਂਜ ਵੀ ਵਜ਼ਨ-ਬਹਿਰ ਪੱਖੋਂ ਵੀ ਉਹ ਪੂਰੀਆਂ ਉੱਤਰਦੀਆਂ ਹਨ।

ਅਕਾਲੀ ਪਤ੍ਰਿਕਾ (ਹਫਤੇ ਦਾ ਕਵੀ) — **ਮੋਹਨ ਸ਼ਰਮਾ**

'ਪੰਛੀ' ਜੀ ਨੇ ਆਪਣੀ ਗ਼ਜ਼ਲ ਨੂੰ ਇਸ਼ਕ-ਮੁਸ਼ਕ ਦੇ ਪੰਜੇ ਤੋਂ ਮੁਕਤ ਕਰਵਾ ਕੇ ਗ਼ਜ਼ਲ ਨੂੰ ਜਨ-ਹਿਤ ਦੀ ਸੇਧ ਵੱਲ ਤੋਰਿਆ ਹੈ। 'ਪੰਛੀ' ਨਿਰਾਸ਼ਾਵਾਦੀ ਨਹੀਂ। ਉਹ ਜੀਵਨ ਵਿੱਚ ਮੁਸ਼ਕਲਾਂ ਨਾਲ ਹੀ ਜੂਝਣਾ ਹੀ ਪਸੰਦ ਕਰਦੇ ਹਨ। 'ਪੰਛੀ' ਜੀ ਸੱਚੇ-ਸੁੱਚੇ ਪਿਆਰ ਦੇ ਉਪਾਸ਼ਕ ਹਨ।

**—ਜਗਦੀਸ਼ ਪ੍ਰਸ਼ਾਦਿ ਕੌਸ਼ਿਕ (ਕਰਨਾਲ)**



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



**ਕਰਤਾਰ ਸਿੰਘ ਪੰਛੀ**

ਐਮ. ਏ., ਐਮ. ਐੱਡ।

ਜਨਮ : ਇਕ ਜਨਵਰੀ 1935

ਕਿੱਤਾ : ਅਧਿਆਪਨ

ਪਤਾ : H. No: 362 B-xv
ਨਵੀਂ ਬਸਤੀ,
ਮਲੇਰਕੋਟਲਾ (ਸੰਗਰੂਰ)

ਰਚਨਾ : ਸਰਦਲ (ਗ਼ਜ਼ਲ-ਸੰਗ੍ਰਹਿ)
ਸਿਦਕ ਕਥੂਰੀ (ਗ਼ਜ਼ਲ-ਸੰਗ੍ਰਹਿ)
ਪੀੜਾਂ ਦੀ ਮਹਿਕ (ਸੰਪਾਦਨ)

Only Title Printed at
Punjabee Press, Amritsar.

Sri Satguru Jagjit Singh Ji eLibrary NamdhariElibrary@gmail.com